Acc 24834

PB
954.55
Sh 13 A

ਪਤੇ ਨਾਮ

ਸ੍ਰੀ:

Singh

Lahore

ਰ

ਾਬ ਸਿਖਿਆਂ ਰਸੂਜ਼

ਸ, ਬੁਕਸੇਲਰਜ਼

ਂ ਫ ਮੁਫੀਦ ਆਮ ਪ੍ਰੈਸ

318

੧ ੴ ਸਤਿਗੁਰਪ੍ਰਸਾਦਿ ॥

ਅਥ ਕਿੱਸਾ ਲੜਾਈ ਸਿੰਘਾਂ ਕੀ ਕ੍ਰਿਤ ਕਵਿ ਸ਼ਾਹਮੁਹੰਮਦ ॥

Library IIAS, Shimla
P 954.55 Sh 13 A
00024834

ਅਲਹਮਦ ਜਨਾਬ ਅੱਲਾਹਦੀਨੂੰ ਜੇਹੜਾ ਕੁਦਰਤੀ ਖੇਲ
ਬਣਾਂਵਦਾਈ ॥ ਚੌਦਾਂ ਤਬਕਾਂਦਾ ਨਕਸ਼ ਨਗਾਰਕਰਕੇ ਰੰਗ
ਰੰਗਦੇਬਾਗ ਬਨਾਂਵਦਾਈ॥ਰਚੀਪਿਛਲੀ ਸਭਹੈ ਮੇਟਲੈਂਦਾ
ਗਿ ਹੋਰਦੀ ਹੋਰ ਵਣਾਂਵਦਾਈ॥ਸ਼ਾਹਮੁਹੰਮਦਾ ਉਸਤੋਂ ਸਦਾ
ਰੀਏਬਾਦਸ਼ਾਹਾਂਤੋਂ ਭੀਖਮੰਗਾਂਵਦਾਈ॥੧॥ਏਥੇਆਇਆਂਨੂੰ
ਨੀਆਂ ਮੋਹਲੈਂਦੀ ਦਗੇ ਬਾਜ਼ੀਦਾਧਾਰਕੇ ਭੇਸਮੀਆਂ॥ਸਦਾ
ਹੀਂ ਜਵਾਨੀਤੇਐਸ਼ਮਾਪੇ ਸਦਾਨਹੀਂ ਜੇਬਾਲਵਰੇਸ ਮੀਆਂ॥
ਦਾ ਨਹੀਂ ਜੇਦੌਲਤਾਂਫੀਲਘੋੜੇਸਦਾਨਹੀਂ ਜੇਰਾਜਿਆਂ ਦੇਸ
ਆਂ॥ਸ਼ਾਹਮੁਹੰਮਦਾਸਦਾਨਾਰੂਪਦੁਨੀਆਂਸਦਾਰਹਿਨ ਨਾ
ਲੜੇ ਕੇਸ ਮੀਆਂ ॥ ੨ ॥ ਇੱਕ ਰੋਜ਼ ਵਟਾਲੇਦੇ ਵਿੱਚ ਬੈਠੇ
ਲੀ ਆਨਅੰਗ੍ਰੇਜ਼ਦੀ ਬਾਤ ਭਾਈ॥ਸਾਨੂੰ ਆਖਿਆਹੀਰੇਤੇ
ਬ ਯਾਰਾਂਜਿਨ੍ਹਾਂ ਨਾਲਸਾਡੀ ਮੁਲਾਕਾਤਆਈ॥ਰਾਜ਼ੀਬਾਜ਼ੀ
ਰਹੇ ਮੁਸਲਮਾਨ ਹਿੰਦੂ ਸਿਰਾਂ ਦੋਹਾਂਦੇ ਉੱਤੇ ਅਫ਼ਾਤ ਆਈ॥

ਸ਼ਾਹਮੁਹੰਮਦਾ ਵਿਚ ਪੰਜਾਬਦੇਜੀਕਦੀਨਹੀਂਸੀਦੂਸਰੀਜ਼ਾਤ
ਆਈ॥੩॥ਏਹ ਜੱਗ ਸਰਾਇ ਮੁਸਾਫ਼ਰਾਂਦੀਏਥੇ ਜ਼ੋਰ ਵਾਲੇ
ਕਈਆਇ ਗਏ॥ਸ਼ੱਦਾਦ ਨਮਰੂਦਫ਼ਰਔਨ ਜੇਹੇਦਾਵਾਬੰਨ੍ਹ
ਖ਼ੁਦਾਇਕਹਾਗਏ॥ਅਕਬਰਸ਼ਾਹਜੇਹੇਵਿੱਚਦਿੱਲੀਦੇਜੀਫੇਰੀ
ਵਾਂਗਵਣਜਾਰਿਆਂਪਾਇਗਏ॥ਸ਼ਾਹਮੁਹੰਮਦਾਰਹੇਗਾਰੱਬਸੱਚਾ
ਵਾਜੇ ਕੂੜਦੇਕਈ ਵਜਾਇ ਗਏ ॥੪॥ ਮਹਾਂਬਲੀਰਣਜੀਤ
ਸਿੰਘ ਹੋਯਾ ਪੈਦਾ ਨਾਲ ਜ਼ੋਰ ਦੇ ਮੁਲਕ ਨਿਵਾਇ ਗਿਆ ॥
ਮੁਲਤਾਨ ਕਸ਼ਮੀਰਪਸ਼ੌਰ ਚੰਬਾ ਜੰਮੂੰਕਾਂਗੜਾ ਕੋਟ ਨਿਵਾਇ
ਗਿਆ॥ਹੋਰ ਦੇਸ਼ਲੱਦਾਖ਼ਤੇ ਚੀਨ ਤੋੜੀ ਸਿੱਕਾ ਆ... ਅਣਾ
ਚਲਾਇ ਗਿਆ ॥ ਸ਼ਾਹਮੁਹੰਮਦਾ ਜਾਨਪਚਾਸ ਬਰਸਾਂ
ਰੱਜਕੇ ਰਾਜ ਕਮਾਇ ਗਿਆ ॥੫॥ ਜਦੋਂ ਹੋਏ ਸਰਕਾਰ ਦੇ
ਸਾਸ ਪੂਰੇ ਜਮਾਂ ਹੋਏ ਨੀ ਸਭ ਸਰਦਾਰ ਮੀਆਂ॥ਚੇਤਸਿੰਘ ਨੂੰ
ਮਾਰਿਆ ਕੌਰ ਸਾਹਿਬਸ਼ੁਰੂਹੋਈਦਰਬਾਰ ਤਲਵਾਰ ਮੀਆਂ॥
ਖੜਕਸਿੰਘਮਹਾਰਾਜਨੇਆਹਮਾਰੀਮੋਯਾਮੁੱਢਕਦੀਮਦਾਯਾਰ
ਮੀਆ॥ਸ਼ਾਹਮੁਹੰਮਦਾ ਅਸਾਂਭੀ ਨਾਲ ਮਰਨਾਸਾਡਾ ਏਹੋਸੀ
ਕੌਲਕਰਾਰ ਮੀਆਂ॥੬॥ਮੇਰੇਪਾਸ ਬੈਠੇ ਇਨ੍ਹਾਂਖ਼ੂਨਕੀਤਾਏਹ
ਤਾਂ ਗ਼ਰਕਜਾਵੇ ਦਰਬਾਰਮੀਆਂ॥ਪਿੱਛੇਸਾਡੇਭੀਕੌਰ ਨਾਰਾਜ
ਕਰਸੀ ਅਸੀਂਮਰਾਂਗੇ ਏਸਨੂੰਮਾਰਮੀਆਂ ॥ ਨਾਹੱਕਦਾਇਨ੍ਹਾਂ
ਨੇ ਖ਼ੂਨ ਕੀਤਾ ਏਹਤਾਂ ਮਰਨਗੇਸਭ ਸਰਦਾਰ ਮੀਆਂ ॥ਸ਼ਾਹ
ਮੁਹੰਮਦਾਹੋਈਹੁਣ ਮੌਤਸਸਤੀਖਾਲੀਨਹੀਂਜਾਣਾਂਇੱਕਵਾਰ
ਮੀਆਂ॥੭॥ਖੜਕਸਿੰਘਮਹਾਰਾਜ ਹੋਯਾਬਹੁਤ ਮਾਂਦਾ ਬਰਸ
ਇੱਕ ਪਿੱਛੋਂ ਵੱਸ ਕਾਲ ਹੋਯਾ ॥ ਆਈ ਮੌਤ ਨ ਅਟਕਿਆ

ਇੱਕਘੜੀ ਚੈਂਤਸਿੰਘ ਦੇ ਗ਼ਮ ਦੇ ਨਾਲ ਮੋਯਾ॥ਕੌਰ ਸਾਹਿਬ
ਸ਼ਾਹਜ਼ਾਦੇਦੀ ਗੱਲ ਸੁਣਕੇ ਜ਼ਰਾਗ਼ਮਦੇਨਾਲਨਾਮੂਲ ਰੋਯਾ॥
ਸ਼ਾਹਮੁਹੰਮਦਾ ਕਈਆਂਦੇਪਕੜਨੇਂਦਾ ਵਿੱਚਕੌਂਸਲਦੇਕੌਰ ਨੂੰ
ਫ਼ਿਕਰ ਹੋਯਾ ॥ ੮ ॥ ਖੜਕਸਿੰਘ ਮਹਾਰਾਜ ਨੂੰ ਚੁੱਕ ਲਿਆ
ਦੇਖੋ ਸਾੜਨੇਨੂੰ ਹੁਨ ਲੈਚੱਲੇ॥ ਧਰਮਰਾਜ ਨੂੰ ਆਇਕੇਖ਼ਬਰ
ਹੋਈਕੌਰ ਮਾਰਨੇਨੂੰ ਓਸ ਦੂਤ ਘੱਲੇ॥ਮਾਰੋ ਮਾਰ ਕਰਕੇਦੂਤ
ਆਇ ਵੜੇ ਜਦੋਂ ਮੌਤਦੇ ਹੋਏਨੀ ਆਨ ਹੱਲੇ॥ਸ਼ਾਹਮੁਹੰਮਦਾ
ਦੇਖ ਰਜ਼ਾਇ ਉਸਦੀ ਊਧਮਸਿੰਘਤੇਕੌਰਦੇ ਸਾਸ ਚੱਲੇ॥੯॥
ਇਕ ਦੂਤਨੇ ਦੇਖਕੇ ਫਿਕਰ ਕੀਤਾ ਪਲਕ ਵਿੱਚ ਦਰਵਾਜੇਦੇ
ਆਇਆਈ॥ਜੇੜ੍ਹਾਧੁਰਦਰਗਾਹਦਾਹੁਕਮਆਂਦਾਦੇਖੋਓਸਨੂੰ
ਖੂਬ ਬਜਾਇਆਈ॥ਅੰਦ[illegible]ਤਰਫ ਹਵੇਲੀਦੇ ਤੁਰੇਜਾਂਦੇਛੱਜਾ
ਢਾਹਦੋਹਾਂਉਤੇਪਾਇਆਈ॥ ਸ਼ਾਹਮੁਹੰਮਦਾਊਧਮਸਿੰਘਥਾਉਂ
ਮੋਯਾ ਕੌਰ ਸਾਹਿਬ ਜੋ ਸਹਿਕਦਾ ਆਇਆਈ ॥੧੦॥ ਅੱਠ
ਪਹਿਰਲੁਕਾਇਕੇਰੱਖਜੋਨੇ ਦਿਨ ਦੂਜੇਰਾਣੀਚੰਦਕੌਰਆਈ ॥
ਖ਼ੜਕਸਿੰਘਦਾਮੂਲਦਰੇਗ਼ਨਾਹੀ ਕੌਰਸਾਹਿਬਤਾਂਈਂ ਓਥੇ ਰੋ-
ਇਆਈ॥ਹੁਣਮੋਯਾਤੇਕਰੋਸਸਕਾਰਇਸਦਾ ਏਹਤੁਸਾਂਕਿਉਂ
ਏਤਨੀਦੇਰਲਾਈ॥ਸ਼ਾਹਮੁਹੰਮਦਾ ਰੋਂਦੀਹੈਚੰਦਕੌਰਾਂਜਿਸਦਾ
ਮੋਯਾ ਪੁਤ੍ਰ ਸੋਹਣਾ ਸ਼ੇਰ ਸਾਈ ॥ ੧੧ ॥ ਸ਼ੇਰਸਿੰਘ ਨੂੰਕਿਸੇ
ਜਾ ਖ਼ਬਰਦਿੱਤੀਜਿਸਦਾਮੋਯਾ ਭਤੀਜਾਤੇਵੀਰਯਾਰੋ॥ਉਸਨੇ
ਤੁਰਤਵਟਾਲਿਓਂਕੂਚਕੀਤਾਰਾਤੀਂਆਂਵਦਾਘਤਵਹੀਰਯਾਰੋ
॥ ਜਦੋਂ ਆਣਕੇ ਹੋਯਾ ਲਾਹੌਰ ਦਾਖਲਅੱਖੀਂਰੋਇਪਲੱਟਦਾ
ਨੀਰ ਯਾਰੋ॥ਸ਼ਾਹਮੁਹੰਮਦਾ ਲੋਕ ਦਿਲਬਰੀ ਕਰਦੇ ਚੰਦਕੌਰ

ਹੋਈ ਦਿਲਗੀਰ ਯਾਰੋ ॥੧੨॥ ਦਿੱਤੇ ਸੈਤ੍ਰੀ ਚਾਰ ਖਲਾਰ ਚੋਰੀ ਸ਼ੇਰਸਿੰਘ ਅੰਦਰ ਅਜ ਆਵਣਾ ਜੇ॥ ਤੁਰਤਫੂਕ ਦਿਓ ਤੁਸੀ ਕਰਾਬੀਨਾਂ ਇੱਕ ਘੜੀ ਵਿੱਚ ਮਾਰ ਮੁਕਾਵਨਾਂ ਜੇ ॥ ਸ਼ੇਰਸਿੰਘਨੂੰਰਾਜੇਨੇ ਖ਼ਬਰ ਦਿੱਤੀ ਅੰਦਰ ਅੱਜ ਜਰੂਰਨਹੀਂ ਜਾਵਣਾਂਜੇ॥ਸ਼ਾਹਮੁਹੰਮਦਾਅਜੇ ਨਹੀਂ ਜੋਰ ਤੇਰਾ ਤੈਨੂੰ ਅਸਾਂ ਹੀ ਅੰਤ ਸਦਾਵਣਾਂਜੇ॥੧੩॥ ਚੰਦਕੌਰਾਂ ਦੀ ਜੋ ਮੰਦੀ ਨਜ਼ਰ ਵੇਖੀਦਗੇਬਾਜੀਆਂਹੋਰਬਥੇਰੀਆਂਨੀ॥ਉਸਨੇਤੁਰਤ ਲਾਹੌਰ ਥੀਂ ਕੂਚ ਕੀਤਾ ਬੈਠਾ ਜਾਇਕੇ ਵਿੱਚ ਮੁਕੇਰੀਆਂਨੀ ॥ ਪਿੱਛੇ ਤਖਤਬੈਠੀ ਰਾਣੀਚੰਦਕੌਰਾਂਦੇ ਦੇਆਨ ਮੁਸਾਹਿਬਦਲੇਰੀਆਂ ਨੀ॥ਸ਼ਾਹਮੁਹੰਮਦਾ ਕੌਰ ਨਾ ਜੰਮਣਾਏ ਕਿਲੇ ਕੋਟ ਤੇ ਰੱਯਤਾਂ ਤੇਰੀਆਂ ਨੀ ॥ ੧੪ ॥ ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ ਸ਼ੇਰਸਿੰਘ ਨੂੰ ਕਿਵੇਂ ਸਦਵਾਈਏ ਜੀ॥ਓਹ ਪੁਤ੍ਰ ਸਰਕਾਰਦਾ ਫਤੇ ਜੰਗੀ ਗੱਦੀਓਸਨੂੰ ਚਾ ਬਹਾਈਏ ਜੀ॥ ਸਿੰਘਾਂਆਖਿਆ ਰਾਜਾਜੀ ਹੁਕਮ ਤੇਰਾ ਜਿਸਨੂੰ ਕਹੇਂ ਸੋ ਫਤੇ ਬੁਲਾਈਏਜੀ॥ ਸ਼ਾਹਮੁਹੰਮਦਾਗੱਲ ਜੋ ਮੂੰਹੋਂਕੱਢੋ ਏਸੇਵਖਤਹੀਚਾਮੰਗਾਈਏ ਜੀ ॥੧੫॥ਬਾਈ ਦਿਨਾਂ ਦੀ ਰਾਜੇ ਨੇ ਲਈ ਰੁਖਸਤ ਤੁਰਤ ਜੰਮੂੰ ਨੂੰ ਹੋਇ ਨੀ ਕੂਚ ਡੇਰੇ ॥ ਸ਼ੇਰਸਿੰਘ ਤਾਂਈਂ ਲਿਖਘੱਲੀ ਅਰਜੀਮੈਂਤਾਂਰਵੂ ਕਰਛਡੇਨੀ ਕੰਮਤੇਰੇ॥ਧੌਂਸਾਮਾਰਕੇਪਹੁੰਚ ਲਾਹੌਰ ਜਲਦੀ ਅਗੋਂ ਆਇ ਮਿਲਸਨ ਤੈਨੂੰ ਸੱਭ ਡੇਰੇ ॥ ਸ਼ਾਹਮੁਹੰਮਦਾ ਮਿਲਨਗੇ ਫੇਰ ਅਫ਼ਸਰ ਜਿਸਵੇਲੜੇ ਹਿਰਦੇ ਗਜੋਂ ਨੇੜੇ॥ ੧੬॥ ਸ਼ੇਰਸਿੰਘਨੇ ਰਾਜੇਦਾਖ਼ਤ ਪੜ੍ਹਕੇਫੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ ॥ ਘੋੜੇਹਿਣਕਦੇ ਤੇ ਮਾਰੂ

ਵੱਜਦੇਨੀ ਧੂੜ ਉੱਡਕੇਘਟਾਂ ਹੋ ਚੱਲੀਆਂਨੀ ॥ ਆਵੇ ਬੁੱਧੂਦੇ
ਆਏਨੀ ਪਾਸਡੇਰੇ ਫੌਜਾਂ ਲੱਥੀਆਂ ਆਨ ਅਕੱਲੀਆਂ ਨੀ ॥
ਸ਼ਾਹਮੁਹੰਮਦਆਨਜਾਂਤੁਰਤਪਹੁੰਚੇਗੱਲਾਂਸ਼ਹਿਰਲਾਹੌਰਵਿੱਚ
ਚੱਲੀਆਂਨੀ॥੧੭॥ਸ਼ੇਰਸਿੰਘ ਤਾਂ ਬੁੱਧੂਦੇ ਆਵਿਓਂ ਜੀ ਕਰ
ਤੁਰਨ ਲਾਹੌਰ ਵਲ ਧਾਇਆਈ ॥ ਫਲੇ ਪੜਤਲਾਂਨੇ ਅਗੇ
ਪਾੜਕੇਜੀਸ਼ੇਰਸਿੰਘਨੂੰਤੁਰਤਲੰਘਾਇਆਈ॥ਉਸਬਲੀਸ਼ਾਹ
ਜ਼ਾਦੇਦਾਤੇਜਭਾਰੀਜਿਸਕਿਲੇਨੂੰਮੋਰਚਾਲਾਇਆਈ ॥ ਸ਼ਾਹ
ਮੁਹੰਮਦਾਵਿੱਚਲਾਹੌਰਦੇਜੀਸ਼ੇਰਸਿੰਘਨੂੰਗੱਦੀਬਹਾਇਆਈ।
੧੮ ॥ ਸ਼ੇਰਸਿੰਘ ਗੱਦੀ ਉੱਤੇ ਬੈਠਕੇ ਜੀ ਰਾਨੀਕੈਦਕਰਕੇ
ਕਿਲੇ ਵਿੱਚ ਪਾਈ ॥ ਘਰ ਬੈਠਿਆਂ ਰੱਬਨੇ ਰਾਜਦਿੱਤਾਦੇਖੋ
ਮੱਲਬੈਠਾ ਸਾਰੀ ਪਾਤਿਸ਼ਾਹੀ॥ਬਰਸ ਹੋਯਾ ਜਾਂ ਓਸਨੂੰਕੈਦ
ਅੰਦ੍ਰਾਨੀ ਦਿਲਦੇ ਵਿੱਚਜੋਜਿੱਚਆਹੀ॥ਸ਼ਾਹਮੁਹੰਮਦਾਮਾਰਕੇ
ਚੰਦ ਕੌਰਾਂ ਸ਼ੇਰਸਿੰਘ ਨੇ ਗਲੋਂ ਬਲਾ ਲਾਹੀ ॥ ੧੯ ॥ ਸ਼ੇਰ
ਸਿੰਘ ਨੂੰ ਰੱਬਨੇਰਾਜਦਿੱਤਾ ਲਿਆਖੋਹ ਲਾਹੌਰ ਜੋਰਾਣੀਆਂ
ਥੀਂ॥ਸੰਧਾਵਾਲੀਆਂਦੇ ਦੇਸੋਂ ਪੈਰ ਖਿਸਕੇ ਜਾਕੇ ਪੁੱਛਲੈ ਰਾਹ
ਪਧਾਣੀਆਂ ਥੀਂ॥ ਮੁੜਕੇਫੇਰ ਅਜੀਤਸਿੰਘਲਈਬਾਜ਼ੀਪੈਂਦਾ
ਹੋਯਾਸੀ ਅਸਲ ਸਵਾਣੀਆਂ ਥੀਂ॥ ਸ਼ਾਹਮੁਹੰਮਦਾ ਜੰਮਿਆਂ
ਅਲੀਅਕਬਰਆਂਦਾਬਾਪਨੂੰ ਕਾਲਿਆਂਪਾਣੀਆਂਥੀਂ॥੨੦॥
ਜਿਨ੍ਹਾਂ ਗੋਲੀਆਂਨੇ ਮਾਰੀ ਚੰਦਕੌਰਾਂ ਉਨ੍ਹਾਂਤਾਈਂ ਹਜ਼ੂਰਚਾ
ਸੱਦਿਆਈ॥ਰਾਜੇ ਸਿੰਘਾਂਦਾ ਗਿਲਾ ਮਿਟਾਵਨੇ ਨੂੰਨੱਕ ਕੰਨ
ਚਾ ਓਨ੍ਹਾਂਦਾਵਢਿਆਈ॥ਰਾਜੇਸਿੰਘਾਂਨੂੰਅੰਦਰੋਂ ਹੁਕਮ ਕੀਤਾ
ਉਹਨਾਂਅੰਦਰੋਂਬਾਹਰਚਾਕੱਢਿਆਈ ॥ ਸ਼ਾਹਮੁਹੰਮਦਾ ਲਾਹ

ਕੇ ਸੱਭ ਜ਼ੇਵਰ ਕਾਲਾ ਮੂੰਹਕਰਕੇ ਫੇਰ ਛੱਡਿਆਈ॥ ੨੧ ।
ਬਰਸਹੋਯਾ ਜਾਂ ਹਾਜ਼ਰੀ ਲੈਨ ਬਦਲੇਡੇਰਾ ਸਾਹਿਬ ਲਾਹੌਰ
ਲਗਾਂਵਦਾਈ ॥ ਅਜੀਤਸਿੰਘ ਗੁੱਝੀ ਕਰਾਬੀਨ ਲੈਕੇ ਸ਼ੇਰ
ਸਿੰਘਨੂੰ ਆਨਦਿਖਾਂਵਦਾਈ॥ਸਿਧੀਜਦੋਂ ਸ਼ਾਹਜ਼ਾਦੇਨੇਨਜਰ
ਕੀਤੀ ਜਲਦੀਨਾਲ ਚਾ ਕਲਾ ਦਖਾਂਵਦਾਈ॥ਸ਼ਾਹਮੁਹੰਮਦਾ
ਜਿਮੀਂ ਤੇਪਿਆ ਤੜਫੇ ਤੇਗ ਮਾਰਕੇ ਸੀਸ ਲੈ ਜਾਂਵਦਾਈ॥
੨੨॥ਲਹਿਣਾਸਿੰਘ ਜੋਬਾਗ਼ਦੀਤਰਫ਼ਆਯਾਅੱਗੇਕੌਰਜੋਹੋਮ
ਕਰਾਂਵਦਾਈ॥ਲਹਿਣਾਸਿੰਘਦੀਮੰਦੀਜੋਨਜ਼ਰਦੇਖੀਅੱਗੋਂ ਰਬ
ਦਾ ਵਾਸਤਾਪਾਂਵਦਾਈ॥ਮੈਂ ਤਾਂਕਰਾਂਗਾਬਾਬਾਜੀਟਹਿਲਤੇਰੀ
ਹੱਥਜੋੜਕੇਸੀਸਨਿਵਾਉਂ ਦਾਈ॥ਸ਼ਾਹਮੁਹੰਮਦਾਓਸਨਾ ਇੱਕ
ਮੰਨੀਤੇਗ਼ਮਾਰਕੇਸੀਸਉਡਾਂਵਦਾਈ॥੨੩॥ਸ਼ੇਰਸਿੰਘਪ੍ਰਤਾਪ
ਸਿੰਘਮਾਰਕੇ ਜੀ ਸੰਧਾਵਾਲੀਏ ਸ਼ਹਿਰਨੂੰ ਉਠਧਾਏ॥ਰਾਜਾ
ਮਿਲਿਆਤਾਂਕਹਿਆਅਜੀਤਸਿੰਘਨੇਸ਼ੇਰਸਿੰਘਨੂੰਮਾਰਕੇਅਸੀ
ਆਏ॥ਗੱਲੀਂ ਲਾਇਕੇ ਕਿਲੇਦੇ ਵਿੱਚ ਆਂਦਾ ਕੈਸੇ ਅਕਲਦੇ
ਉਨ੍ਹਾਂਨੇ ਪੇਚਪਾਏ॥ਕਿੱਥੇ ਮਾਰੀਸੀ ਰਾਜਾਜੀ ਚੰਦਕੌਰਾਂ ਸ਼ਾਹ
ਮੁਹੰਮਦਾ ਪੁੱਛਨਾਦੇਹਾਂਚਾਏ॥੨੪॥ਗੁਰਮੁਖਸਿੰਘ ਗਿਆਨੀ
ਨੇ ਮੱਤਦਿੱਤੀ ਤੁਸਾਂ ਏਹਕਿਉਂ ਜੀਂਵਦਾ ਛੱਡਿਆਜੇ॥ਮਗਰੋਂ
ਮਹਿਰਘਸੀਟਾਤਾਂਬੋਲਿਆਈਏਹਸੁਖਨਸਲਾਹਦਾ ਕੱਢਿਆ
ਜੇ॥ਇੱਕ ਅੜਦਲੀ ਨੇ ਕਰਾਬੀਨ ਮਾਰੀਰੱਸਾ ਆਸਉੱਸੈਦ
ਦਾਵੱਢਿਆਜੇ॥ਸ਼ਾਹਮੁਹੰਮਦਾਜ਼ਿਮੀਂ ਤੇਪਿਆਤੜਫੇਦਿਲੀਪ
ਸਿੰਘਤਾਈਂ ਫੇਰ ਸੱਦਿਆਜੇ ॥ ੨੫ ॥ ਪਹਿਲੇ ਰਾਜੇਦੇਖਨ
ਦਾ ਲਾਇਟਿੱਕਾਪਿੱਛੋਂ ਦਿੱਤੀਆਂ ਚਾਰ ਪ੍ਰਦੱਖਣਾਈਂ ॥ ਤੇਰੇ

ਵਾਸਤੇ ਹੋਏਨੀਸੱਭਕਾਰੇ ਅੱਗੇਸਾਹਿਬਸੱਚੇ ਤੈਨੂੰਰੱਖਣਾਈਂ॥
ਸਾਨੂੰ ਘੜੀਦੀ ਕੁਝ ਉਮੈਦ ਨਾਹੀਂ ਅੱਜਰਾਤ ਪ੍ਰਸ਼ਾਦ ਕਿਨ
ਚੱਖਣਾਈਂ ॥ ਤੇਰੇਵੱਲਜੋ ਕਰੇਗਾਨਜ਼ਰਮੰਦੀਸ਼ਾਹਮੁਹੰਮਦਾ
ਕਰਾਂਗੇ ਸੱਖਣਾਈਂ॥੨੬॥ਹੀਰਾਸਿੰਘ ਨੂੰਰਾਜੇਦੀਖਬਰਹੋਈ
ਸੂਬੇਦਾਰਾਂਨੂੰ ਸੱਦਕੇ ਤੁਰਤ ਚੜ੍ਹਿਆ॥ਧੌਂਸਾ ਮਾਰਕੇ ਫੌਜ ਲੈ
ਨਾਲ ਸਾਰੀਗੁੱਸੇਨਾਲ ਓਹਸ਼ਹਿਰਦੇਵਿਚਵੜਿਆ॥ਰਾਜਪੂਤ
ਸੀਡੋਗਰਾਬਹੁਤਚੰਗਾਸੰਧਾਂਵਾਲੀਆਂਦੇਨਾਲਬਹੁਤਲੜਿਆ॥
ਸ਼ਾਹਮੁਹੰਮਦਾਅਜੀਤਸਿੰਘਮੋਯਾਬੱਧਾਲੈਹਨਾਸਿੰਘਜੋਜੀਵਦਾ
ਆਨਫੜਿਆ ॥੨੭॥ਦੋਹਾਂ ਧਿਰਾਂਤੋਂਬਹੁਤਸੂਰਮਤਹੋਈਖੰਡਾ
ਵਿੱਚਮੈਦਾਨ ਵਗਾਇਗਏ॥ਸ਼ੇਰਸਿੰਘਨਾਕਿਸੇਨੂੰ ਵਧਨਦੇਂਦਾ
ਸਾਰੇਮੁਲਖਥੀਂਕਲਾ ਮਿਟਾਇਗਏ॥ਰਾਜਾਕਰਦਾਸੀ ਮੁਲਖ
ਦੀ ਪਾਤਸ਼ਾਹੀ ਪਿੱਛੇ ਰਹਿੰਦਿਆਂਨੂੰਵਖਤ ਪਾਇਗਏ ॥ਸ਼ਾਹ
ਮੁਹੰਮਦਾਮਾਰਕੇਮੋਏਦੋਵੇਂਚੰਗੇਸੂਰਮੇਹੱਥਲਗਾਇਗਏ॥੨੮
॥ਦੁੱਲੇ ਭੱਟੀਨੂੰਗਾਂਵਦਾ ਜੱਗ ਸਾਰਾ ਜੈਮਲ ਫੱਤੇਦੀਆਂਵਾਰਾਂ
ਸਾਰੀਆਂ ਨੀ॥ਮੀਰਦਾਦ ਚੁਹਾਂਨੇ ਦੇ ਸਤਰਅੰਦਰ ਮੋਈਆਂ
ਰਾਣੀਆਂ ਮਾਰਕਟਾਰੀਆਂ ਨੀ॥ਸੰਧਾਂਵਾਲੀਆਂ ਜੇਹੀਨਾਕਿਸੇ
ਕੀਤੀਤੇਗਾਂਵਿਚਦਰਬਾਰਦੇਮਾਰੀਆਂਨੀ॥ਸ਼ਾਹਮੁਹੰਮਦਾਮੋਏ
ਨੀਬੀਰਹੋਕੇ ਜਾਨਾਂ ਕੀਤੀਆਂਨਹੀਂ ਪਿਆਰੀਆਂਨੀ॥੨੯॥
ਪਿੱਛੋਆਕੇਸਭਨਾਂਨੂੰ ਫ਼ਿਕਰਹੋਯਾ ਸੋਚੀਂਪਏਨੀਸਭਸਰਦਾਰ
ਮੀਆਂ॥ਅੱਗੇਰਾਜ ਆਇਆਹੱਥਬੁਰਛਿਆਂਦੇਪਈ ਖੜਕਦੀ
ਨਿੱਤ ਤਲਵਾਰਮੀਆਂ॥ਗੱਦੀਵਾਲਿਆਂਨੂੰ ਜੇਹੜੇ ਮਾਰਲੈਂਦੇ
ਹੋਰ ਕਹੋ ਕਿਸਦੇ ਪਾਣੀਹਾਰ ਮੀਆਂ ॥ ਸ਼ਾਹਮੁਹੰਮਦਾਧੁਰੋਂ

ਤਲਵਾਰਵਗਦੀ ਖ਼ਾਲੀਨਹੀਂ ਜਾਣਾ ਕੋਈਵਾਰਮੀਆਂ ॥੩੦
॥ ਮਹਾਂਬਲੀਸਰਦਾਰਸੀ ਪੰਥਵਿਚੋਂ ਡਿੱਠੀਬਣੀ ਕੁਚੱਲਣੀ
ਚਾਲਮੀਆਂ॥ਦਿਲਆਪਣੇਬੈਠਵਿਚਾਰਕਰਦਾ ਏਥੇ ਕਈਆਂ
ਦੇ ਹੋਣਗੇ ਕਾਲਮੀਆਂ॥ਲਹਿਣਾਂਸਿੰਘਸਰਦਾਰ ਮਜੀਠੀਆ
ਸੀ ਵੱਡਾ ਅਕਲਦਾ ਕੋਟ ਕਮਾਲਮੀਆਂ॥ਸ਼ਾਹਮੁਹੰਮਦਾਤੁਰ
ਗਿਆ ਤੀਰਥਾਂ ਨੂੰ ਸੱਭੇ ਛੱਡਕੇ ਵੰਗ ਦਵਾਲ ਮੀਆਂ ॥੩੧॥
ਦਲੀਪਸਿੰਘਗੱਦੀਉਤੇਰਹੇਬੈਠਾ ਹੀਰਾਸਿੰਘਜੋਰਾਜਕਮਾਂਵ-
ਦਾਈ॥ਜੱਲ੍ਹਾਓਸਦਾਖ਼ਾਸਵਜ਼ੀਰ ਹੈਸੀਖ਼ਾਤਰਤਲੇ ਨਾ ਕਿਸੇ
ਨੂੰ ਲਿਆਂਵਦਾਈ॥ਅੰਦਰਬਾਹਰਸਰਕਾਰਨੂੰਪਿਆਘੂਰੇ ਕਹੇ
ਕੁਝਤੇਕੁਝ ਕਮਾਂਵਦਾਈ॥ਸ਼ਾਹਮੁਹੰਮਦਾ ਪੰਥ ਨੂੰ ਦੁਖ ਦੇਂਦਾ
ਹੀਰਾ ਸਿੰਘ ਦਾ ਨਾਸਕਰਾਂਵਦਾਈ ॥੩੨॥ ਸਿੰਘਾਂਲਿਖਿਆ
ਖ਼ਤ ਸੁਚੇਤਸਿੰਘ ਨੂੰ ਬੁਰਾ ਕਰਨਹਾਰਾਜੱਲ੍ਹਾ ਠੀਕ ਸਾਂਈ ॥
ਜਲਦੀ ਪਹੁੰਚ ਵਜ਼ੀਰ ਬਨਾ ਲਈਏ ਤੈਨੂੰ ਖ਼ਾਲਸਾ ਪਿਆ
ਉਡੀਕਦਾਈ॥ ਅਕਸਰ ਰਾਜਪਿਆਰਨੀ ਰਾਜਿਆਂਨੂੰਹੀਰਾ
ਸਿੰਘਤਾਂਪੁੱਤ੍ਰ ਸ਼ਰੀਕਦਾਈ॥ਸ਼ਾਹਮੁਹੰਮਦਾਜੱਲ੍ਹੇਦਾ ਨੱਕਵੱਢੇ
ਭੁੱਜ ਜਾਏਗਾਮਾਰਿਆ ਲੀਕਦਾਈ॥੩੩॥ ਜਿਸਵੇਲੜੇਰਾਜੇ
ਨੇ ਖਤ ਪੜ੍ਹਿਆ ਜਾਮੇਵਿੱਚਨਾ ਮੂਲਸਮਾਂਵਦਾਈ॥ਵਗਾਤੱਗ
ਲਾਹੌਰ ਨੂੰ ਅਸਾਂ ਜਾਣਾ ਡੇਰੇ ਕਾਠੀਆਂ ਚਾ ਪਵਾਉਂਦਾਈ॥
ਮੰਜੀ ਕਾਕੜੀਂ ਫੌਜ ਉਤਾਰਕੇ ਜੀ ਬਾਈ ਆਦਮੀ ਨਾਲਲੈ
ਆਂਵਦਾਈ॥ਸ਼ਾਹਮੁਹੰਮਦਾ ਆਨਲਾਹੌਰਪਹੁੰਚਾ ਮੀਆਂਮੀਰ
ਡੇਰਾ ਵਿੱਚ ਲਾਂਵਦਾਈ ॥੩੪॥ ਹੀਰਾਸਿੰਘਨੂੰਰਾਜੇਦੀਖ਼ਬਰ
ਹੀ ਕਰਤ ਪਲਟਨਾਂ ਸੱਭਲਪੇਟੀਆਂਨੀ॥ ਸਿੰਘਾਂਆਖਿਆ

ਰਾਜਾਜੀਜਾਓ ਮੁੜਕੇਫੌਜਾਂਰਹਿੰਦੀਆਂਨਹੀਂਸਮੇਟੀਆਂਨੀ॥
ਸਿੱਖੋਜੀਂਵਦਾ ਜਾਨਮਹਾਲ ਜੰਮੂੰ ਤਾਂਨੇਦੇਨ ਰਜਪੂਤਾਂਦੀਆਂ
ਬੇਟੀਆਂਨੀ॥ਸ਼ਾਹਮੁਹੰਮਦਾਆਯਾ ਵਜ਼ੀਰੀਲੈਕੇ ਆਖਣਸਭ
ਪਹਾੜਡੁਮੇਟੀਆਂਨੀ॥੩੫॥ਤੋਪਾਂਜੋੜਕੇਪਲਟਨਾਂਨਾਲਲੈਕੇ
ਸੀਖ਼ਾਂ ਚੋਸਕੇਤੇ ਹੀਰਾਸਿੰਘਚੜ੍ਹਦਾ॥ ਜਦੋਂਫੌਜ ਨੇ ਘੱਤਿਆ
ਆਨਘੇਰਾ ਖੰਡਾ ਸਾਰਦਾ ਖਿਚਕੇਹੱਥਫੜਦਾ॥ਭੀਮਸਿਘ ਤੇ
ਕੇਸ੍ਰੀਸਿੰਘ ਲਾਵੇਂ ਲੈਕੇਦੋਹਾਂਨੂੰ ਕਟਕਦੇਵਿੱਚ ਵੜਦਾ॥ਸ਼ਾਹ
ਮੁਹੰਮਦਾਟਿੱਕੇਦੀਲਾਜਰੱਖੀਂਮੱਥੇਸਾਮ੍ਹਣੇਹੋਇਕੇਖ਼ੂਬ ਮਰਦਾ
॥ ੩੬ ॥ ਸਿੰਘ ਜੱਲ੍ਹੇ ਦੇ ਹੱਥੋਂ ਜੋ ਤੰਗ ਆਏ ਦਿਲਾਂਵਿੱਚ
ਕਚੀਚੀਆਂਖਾਂਵਦੇਨੀ॥ਅੱਗੇਸੱਤਤੇ ਅੱਠਸੀ ਤਲਬ ਪਹਿਲੇ
ਬਾਰਾਂਜ਼ੋਰਦੇਨਾਲਕਰਾਂਵਦੇਨੀ॥ਕਈ ਆਖਦੇ ਦੇਹੋ ਇਨਾਮ
ਸਾਨੂੰਲੈਕੇਬੁਧਕੀਆਂਚਾਗਲਪਾਂਵਦੇਨੀ॥ਸ਼ਾਹਮੁਹੰਮਦਾਟਿੱਕੇ
ਦੀਲਾਜਰੱਖੀਂਪੰਜਕੌਂਸਲੀਚਾਬਨਾਂਵਦੇਨੀ॥੩੭॥ਹੋਯਾਹੁਕਮ
ਜਾਂ ਬਹੁਤਮਹਾਵਤਾਂਨੂੰਹੌਦੇਸੋਨੇਦੇਚਾਇਕਸਾਂਵਦੇਨੀ॥ਤਰਫ਼
ਜੰਮੂੰਦੀ ਮੂੰਹ ਮਰੋੜ ਚਲੇਸਾਨੂੰਆਇਕੇਸਿੰਘਮਨਾਂਵਦੇਨੀ ॥
ਘੇਰੇਅਜਲਦੇਅਕਲਨਾਮੂਲਆਈ ਬੁਰਾਆਪਨਾਆਪਕਰਾਂ-
ਵਦੇਨੀ॥ ਸ਼ਾਹਮੁਹੰਮਦਾਸਿੰਘਲੈ ਮਿਲੇ ਤੋਪਾਂ ਅਗੋਂਗੋਲਿਆਂ
ਨਾਲ ਉਡਾਂਵਦੇਨੀ॥੩੮॥ਹੀਰਾਸਿੰਘਤੇ ਜੱਲੇਨੂੰ ਮਾਰਕੇ ਜੀ
ਜਵਾਹਰਸਿੰਘਵਜ਼ੀਰਬਨਾਂਵਦੇਨੀ॥ਤਰਫਜੰਮੂੰ ਪਹਾੜਦੀਹੇ
ਦੂਰੇਰਾਹੀਂਸ਼ੋਰਖਰੂਦਮਚਾਂਵਦੇਨੀ॥ਓਦੋਂਰਾਜਾਗੁਲਾਬਸਿੰਘ
ਬੰਨ੍ਹਆਂਦਾ ਕੈਂਠੇ ਫੇਰਲੈਕੇ ਗਲੀਂਪਾਂਵਦੇਨੀ॥ਸ਼ਾਹਮੁਹੰਮਦਾ
ਅਸਾਂਹੁਣਕੜੇਟੈਨੇਜਵਾਹਰਸਿੰਘਨੂੰਆਖਸੁਨਾਂਵਦੇਨੀ॥੩੯॥

ਕਿਹਾ ਬੁਰਛਿਆਂ ਆਨ ਅੰਧੇਰ ਪਾਇਆ ਜੇਹੜਾ ਬਹੇ ਗੱਦੀ
ਓਨੂੰ ਮਾਰ ਲੈਂਦੇ ॥ ਕੜੇ ਕੰਠੇ ਇਨਾਮ ਰੁਪਏ ਬਾਰਾਂ ਕਦੇ ਪੰਜ
ਤੇ ਸੱਤ ਨਾ ਚਾਰ ਲੈਂਦੇ ॥ ਕਈ ਤੁਰੇ ਨੀ ਕਿਲੇ ਦੀ ਲੁਟ ਕਰਕੇ
ਕਈ ਸ਼ਹਿਰ ਦੇ ਲੁੱਟ ਬਜ਼ਾਰ ਲੈਂਦੇ ॥ ਸ਼ਾਹ ਮੁਹੰਮਦਾ ਚੜ੍ਹੇ
ਮਝੈਲ ਭਈਏ ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ ॥੪੦॥
ਪਿੱਛੇ ਇੱਕ ਸਰਕਾਰ ਦੇ ਖੇਡ ਵਿਚ ਲੀ ਪਈ ਨਿੱਤ ਹੁੰਦੀ ਮਾਰੋ ਮਾਰ
ਮੀਆਂ ॥ ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ ਸਭੇ ਕਤਲ ਹੋਏ
ਵਾਰੋ ਵਾਰ ਮੀਆਂ ॥ ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ ਹੋਏ
ਸ਼ੁਤਰ ਜਿਉਂ ਬਾਝ ਮੁਹਾਰ ਮੀਆਂ ॥ ਸ਼ਾਹ ਮੁਹੰਮਦਾ ਫਿਰਨ ਸਰਦਾਰ
ਲੁਕਦੇ ਭੂਤ ਮੰਡਲੀ ਹੋਈ ਤਿਆਰ ਮੀਆਂ ॥ ੪੧ ॥ ਜਵਾਹਰ
ਸਿੰਘ ਦੇ ਉੱਤੇ ਨੀ ਚੜ੍ਹੇ ਸਾਰੇ ਮੱਥਾ ਖੂਨੀਆਂ ਵਾਂਗ ਰਵੱਟਿਓਨੇ॥
ਡਰਦਾ ਭਾਣਜੇ ਨੂੰ ਲੈਕੇ ਮਿਲਣ ਆਯਾ ਅੱਗੋਂ ਨਾਲ ਸੰਗੀਨਾਂ ਦੇ
ਫੱਟਿਓਨੇ। ਸੀਖਾਂ ਨਾਲ ਉਤ੍ਹੇ ਬਕੇ ਫੀਲ ਉੱਤੋਂ ਕੱਢ ਹੌਦਿਓਂ ਜ਼ਿਮੀਂ
ਤੇ ਸੱਟਿਓਨੇ॥ ਸ਼ਾਹ ਮੁਹੰਮਦਾ ਵਾਸਤੇ ਪਾਇ ਰਹਿਆ ਸਿਰ ਨਾਲ
ਤਲਵਾਰ ਦੇ ਕੱਟਿਓਨੇ॥੪੨॥ ਮਾਈ ਕੈਦ ਕਨਾਤ ਦੇ ਵਿੱਚ
ਕੀਤੀ ਕਿਸ ਨੂੰ ਰੋਇਕੇ ਪਈ ਸੁਨਾਵਨੀ ਹੈਂ ॥ ਤੇਰਾ ਕੌਨ
ਹਿਮਾਇਤੀ ਸੁਨਨ ਵਾਲਾ ਜਿਸ ਨੂੰ ਪਾਇਕੇ ਵੈਨ ਦਿਖਾਵਨੀ ਹੈਂ ॥
ਕੇਹੜੇ ਪਾਤਸ਼ਾਹ ਦਾ ਬੇਟਾ ਮੋਇਆ ਸਾਥੋਂ ਜੇਹੜੇ ਡੂੰਘੜੇ ਵੈਣ
ਤੂੰ ਪਾਵਨੀ ਹੈਂ॥ ਸ਼ਾਹ ਮੁਹੰਮਦਾ ਦੇਹ ਇਨਾਮ ਸਾਨੂੰ ਸਾਡੇ ਜੋਰ ਤੇ
ਰਾਜ ਕਮਾਵਨੀ ਹੈਂ ॥੪੩॥ ਪਈ ਝੂਰਦੀ ਹੈ ਰਾਨੀ ਜਿੰਦ ਕੌਰਾਂ
ਕਿੱਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ ॥ ਮੇਰੇ ਸਾਹਮਣੇ
ਕੋਹਿਆ ਵੀਰ ਮੇਰਾ ਜਿਸ ਦੀਤਾ ਬਿਆਲੱਖ ਹਜ਼ਾਰ ਘੋੜੇ॥ ਕਿੱਥੋਂ

ਕੱਢਾਂਮੈਂ ਦੇਸ ਫ਼ਰਗੀਆਂਦਾ ਕੋਈ ਮਿਲੇ ਜੋ ਏਨਾਂਦਾ ਗਰਬ ਤੋੜੇ॥ਸ਼ਾਹਮੁਹੰਮਦਾ ਓਸਥੋਂ ਜਾਨ ਵਾਰਾਂ ਜੁਵਾਹਰਸਿੰਘ ਦਾ ਵੈਰ ਜੋ ਕੋਈ ਮੋੜੇ ॥੪੪॥ ਮੈਨੂੰ ਆਨ ਚੁਫੇਰਿਓਂ ਘੂਰਦੇਨੀ ਲੈਂਦੇਮੁਫ਼ਤਇਨਾਮਰੁਪਏਬਾਰਾਂ ॥ਜੱਟੀਹੋਵਾਂਤਾਂਕਰਾਂਪੰਜਾਬ ਰੰਡੀ ਸਾਰੇ ਦੇਸਦੇਂਵਿੱਚ ਚਾਤੁਰਨ ਵਾਰਾਂ॥ਛੱਡਾਂਨਹੀਂਲਾਹੌਰ ਦੇ ਵੜਨ ਜੋਗੇ ਸਣੇ ਵੱਡਿਆਂ ਅਫਸਰਾਂ ਜਮਾਦਾਰਾਂ ॥ ਪਏ ਰੁਲਣਗੇ ਵਿੱਚ ਪਰਦੇਸ ਮੁਰਦੇ ਸ਼ਾਹਮੁਹੰਮਦਾ ਮਾਰਨੀਏਸ ਮਾਰਾਂ॥੪੫॥ਜਿਨਾਂਮਾਰਿਆਕੋਹਿਕੇਵੀਰਮੇਰਾ ਮੈਂ ਤਾਕਰਾਂਗੀ ਓਨਾਂ ਦੀਆਂਜੰਡੀਆਂਨੀ॥ਧੂੰਮਾਂ ਜਾਨ ਵਲਾਇਤੀਂ ਪੇਸ਼ਜਾਨਾਂ ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ॥ਚੂੜੇ ਲਹਿਣਗੇ ਬਹੁਤ ਸੁਹਾਗਣਾਂਦੇਨੱਥਚੌਂਕਤੇਵਾਲੀਆਂਡੰਡੀਆਂਨੀ॥ਸ਼ਾਹਮੁਹੰਮਦਾ ਪੈਣਗੇਵੈਣਡੂੰਘੇ ਜਦੋਂ ਬਹਿਣਪੰਜਾਬਣਾਂਰੰਡੀਆਂਨੀ॥੪੬॥ ਅਰਜ਼ੀ ਲਿਖੀ ਫ਼ਰੰਗੀ ਨੂੰ ਕੁੰਜ ਗੋਸ਼ੇ ਪਹਿਲੇ ਆਪਣਾ ਸੁੱਖ ਅਨੰਦਵਾਰੀ॥ ਤੇਰੀ ਵੱਲਮੈਂ ਫੌਜਨੂੰ ਭੇਜਨੀਆਂ ਖੱਟੇ ਕਰੀਂ ਤੂੰਏਨ੍ਹਾਂਦੇਦੰਦਵਾਰੀ॥ਜੇਹੜਾਜ਼ੋਰਤੂੰਆਪਣਾਸਭਲਾਵੀਂਪਿੱਛੇ ਖ਼ਰਚਮੈਂਕਰਾਂਗੀ ਬੰਦਵਾਰੀ॥ਸ਼ਾਹਮੁਹੰਮਦਾਫੇਰ ਨਾ ਆਉਨ ਮੁੜਕੇ ਮੈਨੂੰ ਏਤਨੀਬਾਤ ਪਸੰਦ ਵਾਰੀ ॥੭੪॥ ਪਹਿਲੇਪਾਰ ਦਾਮੁਲਖਤੂੰਮੱਲ ਸਾਡਾ ਆਪੇ ਖਾ ਗੁੱਸਾ ਤੈਥੀਂਆਵਨੀਗੇ॥ ਸੋਈਲੜਨਗੇ ਹੋਣ ਬੇਖ਼ਬਰ ਜੇਹੜੇਮੱਥਾਕਦੀਸਰਦਾਰਨਾ ਡਾਹੁਨੀਗੇ ॥ ਏਸੇ ਵਾਸਤੇ ਫੌਜ ਮੈਂ ਪਾ ਛੱਡੀ ਕਈ ਭਾਂਜ ਅਚਾਨਕ ਪਾਵਣੀਗੇ ॥ ਸ਼ਾਹਮੁਹੰਮਦਾ ਲਾਟ ਜੀ ਕਟਕ ਤੇਰੇ ਮੇਰੇਗਲੋਂ ਤਗਾਦੜਾ ਲਾਹੁਣੀਗੇ॥੪੮॥ਨੰਦਨਕੰਪਨੀ

ਸਾਹਿਬ ਕਿਤਾਬ ਡਿੱਠੀ ਇਨਾਂ ਲਾਟਾਂ ਵਿੱਚੋਂ ਕੌਣ ਲੜੇਗਾ ਜੀ ॥
ਜੱਜ ਲਾਟਵਨੇ ਢੁਕਿਆ ਆਨ ਬੀੜਾ ਅਬੀ ਸਿੱਖ ਸਿਉਂ ਜਾਇ ਕੇ
ਲੜੇਗਾ ਜੀ ॥ ਘੰਟੇ ਤੀਨ ਮੈਂ ਜਾ ਲਾਹੌਰ ਮਾਰੂ ਇਸ ਬਾਤ
ਮੇਂ ਫ਼ਰਕ ਨਾ ਪੜੇਗਾ ਜੀ ॥ ਸ਼ਾਹ ਮੁਹੰਮਦਾ ਫੱਗਣੋ ਤੇਰ੍ਹਵੀਂ ਨੂੰ
ਸਾਹਿਬ ਸ਼ਹਿਰ ਲਹੌਰ ਵਿਚ ਵੜੇਗਾ ਜੀ ॥੪੯॥ ਵੱਜੀ ਤੁਰਮ
ਤੰਬੂਰ ਕਰਨੈਲ ਸ਼ੁਤਰੀ ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ ॥
ਕੋਤਲ ਬੱਘੀਆਂ ਪਾਲਕੀ ਤੋਪਖਾਨੇ ਦੂਰਬੀਨ ਚੰਗੀ ਸਾਇਬਾਨ
ਮੀਆਂ ॥ ਚੜ੍ਹਿਆ ਨੰਦਨੋਂ ਲਾਟ ਉਠਾਇ ਬੀੜਾ ਡੇਰਾ ਪਾਂਵਦਾ
ਵਿੱਚ ਮੈਦਾਨ ਮੀਆਂ ॥ ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ ਮੁਲਖ
ਪਾਰ ਦਾ ਮੱਲਿਆ ਆਨ ਮੀਆਂ ॥੫੦॥ ਫ਼ਰਾਂਸੀਸਾਂ ਨੂੰ ਅੰਦਰੋਂ
ਹੁਕਮ ਹੋਯਾ ਤੁਸੀਂ ਜਾਓ ਖਾਂ ਤਰਫ ਕਸ਼ਮੀਰ ਨੂੰ ਜੀ ॥ ਉਨਾਂ ਰੱਬ
ਦਾ ਵਾਸਤਾ ਪਾਇਆ ਈ ਮਾਈ ਫੜੀਂ ਨਾ ਕੁਝ ਤਕਸੀਰ ਨੂੰ ਜੀ ॥
ਪਾਰੋਂ ਮੁਲਕ ਫ਼ਰੰਗੀਆਂ ਮਲ ਲਿਆ ਅਸੀਂ ਮਾਰਾਂਗੇ ਓਸ ਦੇ ਪੀਰ
ਨੂੰ ਜੀ ॥ ਸ਼ਾਹ ਮੁਹੰਮਦਾ ਲੜਾਂਗੇ ਹੋਰ ਪਰਿਓਂ ਅਸਾਂ ਡੱਕਣਾਂ ਓਸ
ਵਹੀਰ ਨੂੰ ਜੀ ॥੫੧॥ ਮਾਈ ਆਖਿਆ ਸੱਭ ਚੜ੍ਹ ਜਾਨ ਫੌਜਾਂ ਹੇ
ਸ਼ਹਿਰ ਦੇ ਰਹਿਨ ਨਾ ਸੱਖਣੇ ਜੀ ॥ ਮੁਸਲਮਾਨੀਆਂ ਪੜਤਲਾਂ ਰਹਿ
ਣਏ ਥੇ ਘੋੜ ਚੜ੍ਹੇ ਨਹੀਂ ਪਾਸ ਰੱਖਣੇ ਜੀ ॥ ਕਲਗੀ ਵਾਲੜੇ ਮੋਹਰੇ
ਹੋਨ ਅੱਗੇ ਅੱਗੇ ਹੋਰ ਗ਼ਰੀਬ ਨਾ ਧੱਕਣੇ ਜੀ ॥ ਸ਼ਾਹ ਮੁਹੰਮਦਾ ਜਿਨਾਂ
ਦੀ ਤਲਬ ਤੇਰਾਂ ਮਜ਼ੇ ਤਿਨਾਂ ਲੜਾਈ ਦੇ ਚੱਖਣੇ ਜੀ ॥੫੨॥
ਸਾਰੇ ਪੰਥ ਨੂੰ ਸੱਦ ਕੇ ਕਹਿਨ ਲੱਗੀ ਮੈਥੋਂ ਗਏ ਖ਼ਜ਼ਾਨੇ ਨਿਖੁੱਟ ਵਾਰੀ
॥ ਜਮਨਾ ਤੀਕਰ ਪਿਆ ਹੈ ਦੇਸ ਮੁੰਞਾ ਖਾਓ ਦੇਸ ਫ਼ਰੰਗੀ ਦਾ
ਲੁੱਟ ਵਾਰੀ ॥ ਮਾਰੋ ਸ਼ਹਿਰ ਫਿਰੋਜਪੁਰ ਲੁਦਿਹਾਣਾ ਸੁੱਟੋ ਛਾਵਨੀ

ਓਸਦੀ ਪੁੱਟਵਾਰੀ।ਸ਼ਾਹਮੁਹੰਮਦਾਲਵੇਇਨਾਮਮੈਥੋਂਕੜੇਕੈਂਠੇ
ਮੈਂਦੇਵਾਂਗੀ ਸੁੱਟਵਾਰੀ ॥ ੫੩ ॥ ਸਿੰਘਾਂ ਆਖਿਆ ਲੜਾਂਗੇਹੋ
ਟੋਟੇ ਸਾਨੂੰਖਬਰਘੱਲੀਂਦਿਨੇਰਾਤਮਾਈ॥ ਤੇਰੀ ਨੌਕਰੀ ਵਿਚ
ਨਾ ਫ਼ਰਕ ਕਰਸਾਂ ਭਾਵੇਂਖੂਹਘੱਤੀਂਭਾਵੇਂਖਾਤਮਾਈ ॥ ਸਿੰਘਾਂ
ਬੋਲੀਓਂਮੂਲਨਾ ਸਹੀਕੀਤਾਕੇਕੁਛ ਕਰਨ ਲਗੀ ਸਾਡਾਘਾਤ
ਮਾਈ ॥ ਸ਼ਾਹਮੁਹੰਮਦਾ ਅਜੇ ਨਾਜਾਣਿਓਂ ਨੇ ਖ਼ਾਲੀਪਈਨਾਂ
ਚੋਪੜੀਪ੍ਰਾਤਮਾਈ॥੫੪ ॥ ਦਿੱਤੀ ਮਾਈ ਨੇ ਜਦੋਂ ਦਿਲਬਰੀ
ਭਾਰੀ ਸਿੰਘਬੈਠੇਨੀਹੋਇ ਸੁਚੇਤ ਮੀਆਂ ॥ਸਚੇਸਾਹਿਬਦੇਹੱਥ
ਨੀ ਸੱਭ ਗੱਲਾਂ ਕਿਸੇ ਹਾਰਦੇਵੇ ਕਿਸੇ ਜੇਤ ਮੀਆਂ॥ਇਕ ਲੱਖ
ਬੇਟਾ ਸਵਾਲੱਖ ਪੋਤਾ ਰਾਵਣਮਾਰਿਆ ਘਰ ਦੇ ਭੇਤ ਮੀਆਂ॥
ਸ਼ਾਹਮੁਹੰਮਦਾਜਾਨਦਾਜੱਗਸਾਰਾਕੇਈਸੂਰਮੇਂਆਉਂਣਗੇਖੇਤ
ਮੀਆਂ॥੫੫॥ਸਿੰਘਾਂਸਾਰਿਆਂਬੈਠ ਗੁਰਮਤਾਕੀਤਾਚਲੋਜਾਇ
ਫਰੰਗੀ ਨੂੰ ਮਾਰੀਏਜੀ॥ ਇੱਕ ਵਾਰੀ ਜੇ ਸਾਹਮਣੇਹੋਇਸਾਡੇ
ਇੱਕ ਘੜੀ ਵਿਚ ਮਾਰ ਉਤਾਰੀਏਜੀ॥ਭਾਈ ਵੀਰਸਿੰਘਜੇਹੇ
ਅਸਾਂ ਨਹੀਂਛੱਡੇ।ਅਸੀਂ ਕਦੀਨਾਓਸਥੋਂਹਾਰੀਏਜੀ॥ਸ਼ਾਹਮੁ-
ਹੰਮਦਾ ਮਾਰਕੇ ਲੁੱਦੇਹਾਣਾਫੌਜਾਂਦਿੱਲੀਦੇ ਵਿੱਚਉਤਾਰੀਏਜੀ
॥੫੬॥ਜ਼ਬਤਕਰਾਂਗੇ ਮਾਲ ਫ਼ਰੰਗੀਆਂਦੇ।ਓਥੋਂ ਲਿਆਵਾਂਗੇ
ਦੌਲਤਾਂ ਬੋਰੀਆਂਨੀ॥ਪਿੱਛੋਂਵੜਾਂਗੇਓਹਨਾਂਦੇਸਤਰਖਾਨੇਬੰਨ੍ਹ
ਲਿਆਵਾਂਗੇਓਹਨਾਂਦੀਆਂਗੋਰੀਆਂਨੀ॥ਕਾਬਲ ਵਿੱਚ ਪਠਾਣ
ਜਿਉਂ ਅਲੀ ਅਕਬਰ।ਮਾਰ ਵੱਢਕੇ ਕੀਤੀਆਂ ਪੋਰੀਆਂਨੀ॥
ਸ਼ਾਹਮੁਹੰਮਦਾਲਵਾਂਗੇਫੇਰਕੰਠੇਢਿੱਲੇਦਾਰਜੋਰੇਸ਼ਮੀ ਡੋਰੀਆਂ
ਨੀ॥ ੫੭ ॥ ਛੁੱਡੇ ਨਿੱਕਲੇ ਕੂਚਦਾ ਹੁਕਮ ਹੋਯਾ ਚੜ੍ਹੇ ਸੂਰਮੇਂ

ਸਿੰਘ ਦਲੇਰ ਮੀਆਂ॥ ਚੜ੍ਹੇ ਪੁਤ੍ਰ ਸਰਦਾਰਾਂਦੇ ਛੈਲ ਬਾਂਕੇ।ਜੈਂ
ਬੇਲਿਓਂ ਨਿਕਲਦੇ ਸ਼ੇਰ ਮੀਆਂ॥ਚੜ੍ਹੇ ਸੱਭਮਝੈਲਦ੍ਵਾਬੀ ਏਜ
ਜਿਨਾਂਕਿਲੇਨਿਵਾਏਹੈਂਢੇਰਮੀਆਂ॥ਸ਼ਾਹਮੁਹੰਮਦਾਚੜ੍ਹੇਜਮੂ
ਖਾਨੇ।ਹੋਯਾ ਹੁਕਮ ਨਾ ਲਾਂਵਦੇ ਦੇਰ ਮੀਆਂ॥੫੮॥ਸ਼ਾਮਸਿੰਘ
ਸਰਦਾਰਨੇਕੂਚਕੀਤਾ।ਜੱਲੇਵਾਲੀਏਬਨਤਬਨਾਂਵਦੇਨੀ॥ਆਏ
ਹੋਰਪਹਾੜਦੇਸੱਭਰਾਜੇ।ਜੇੜ੍ਹੇਤੇਗਦੇਧਨੀਕਹਾਂਵਦੇਨੀ॥ ਆਏ
ਸੱਭ ਮਝੈਲਦੁਆਬੀਏਜੀ।ਸੰਧਾਂਵਾਲੀਏਕਾਠੀਆਂਪਾਂਵਦੇਨੀ॥
ਸ਼ਾਹਮੁਹੰਮਦਾ ਚੜ੍ਹੀ ਅਕਾਲ ਰਜਮਟ।ਖੰਡੇ ਸਾਰਦੇ ਸਿਕਲ
ਕਰਾਂਵਦੇਨੀ॥੫੯॥ ਮਜ਼ਹਰਅਲੀਤੇਮਾਖੇਖਾਂਕੂਚਕੀਤਾ।ਤੋਪਾਂ
ਸ਼ਹਿਰਥੀਂ ਬਾਹਰਨਿਕਾਲੀਆਂਨੀ॥ਬੇੜਾ ਚੜ੍ਹਿਆਸੁਲਤਾਨ
ਮਹਮੂਦਵਾਲਾ।ਤੋਪਾਂਹੋਰਅਮਾਮਸ਼ਾਹ ਵਾਲੀਆਂਨੀ॥ ਇਲਾਹੀ
ਬਖ਼ਸ਼ਪਟੋਲੀਨੇਮਾਂਜਕੇਜਾਂ।ਧੂਪਦੇਇਕੇਤਖਤ ਬਹਾਲੀਆਂਨੀ।
॥ਸ਼ਾਹਮੁਹੰਮਦਾ ਐਸੀਆਂ ਲੈਸਹੋਈਆਂ।ਬਿਜਲੀ ਵਾਂਗਜਿਉਂ
ਦੇਨ ਦਿਖਾਲੀਆਂ ਨੀ॥ ੬੦ ॥ ਸੁਨਕੇ ਖ਼ਬਰ ਫਰੰਗੀ ਦੀ
ਚੜ੍ਹੇ ਸੱਭੇ ਫ਼ੌਜਾਂ।ਬੇਮੁਹਾਰੀਆਂ ਹੋਇ ਤੁਰੀਆਂ॥ ਅੱਗੇ ਵਾਰ
ਕੁ ਵਾਰ ਨਾ ਕਿਸੇਡਿੱਠਾ।ਇਕਦੂਸਰੇਦੇ ਅੱਗੇ ਲਗ ਟੁਰੀਆਂ॥
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ।ਵੰਗਾਂ ਪਹਿਨ ਖਲੋਤੀਆਂ
ਨਹੀਂ ਕੁੜੀਆਂ॥ ਸ਼ਾਹਮੁਹੰਮਦਾ ਵਰਜਦੇ ਜਾਂਦਿਆਂਨੂੰ।ਫ਼ੌਜਾਂ
ਹੋ ਮੁਹਾਨੀਆਂ ਕਦੋਂ ਮੁੜੀਆਂ॥੬੧॥ਚੜ੍ਹੇ ਸ਼ਹਿਰਲਾਹੌਰਥੀਂ
ਮਾਰ ਧਉਂਸੇ।ਸੱਭੋ ਗਰਭ ਹੰਕਾਰਦੇ ਨਾਲ ਤੁਰਦੇ॥ਉਰੇਦੋਹਾਂ
ਦਰਿਆਂਵਾਂਤੇ ਨਹੀਂ ਅਟਕੇ ਪੱਤਨ ਲੰਘੇਨੀ ਜਾ ਫੀਰੋਜਪੁਰ
ਦੇ ॥ ਅੱਗੇ ਛੇੜਿਆ ਨਹੀਂ ਫਰੰਗੀਆਂ ਨੇ ਦੂਹਾਂ ਧਿਰਾਂ ਦੇ

ਰੁਲਨਗੇ ਬਹੁਤ ਮੁਰਦੇ ॥ਸ਼ਾਹਮੁਹੰਮਦਾ ਭੱਜਨਾਂਰਣੋਂਭਾਰੀ
ਜੁੱਟੇ ਸੂਰਮੇਂ ਆਖ ਤੂੰ ਕਦੋਂ ਮੁੜਦੇ ॥ ੬੨ ॥ ਲੱਗੀ ਧਮਕ
ਸਾਰੇਹਿੰਦੁਸਤਾਨਅੰਦਰਦਿੱਲੀਆਗਰੇਹਾਂਸੀਹਸਾਰਮੀਆਂ॥
ਬੀਕਾਨੇਰਲਖਨੌਰਭਟਨੇਰਜੈਪੁਰ ਪਈਆਂਭਾਜੜਾਂ ਜਮਨਾਂ
ਤੋਂਪਾਰਮੀਆਂ॥ਹੱਲੀਸੱਭ ਪੰਜਾਬਦੀਬਾਦਸ਼ਾਹੀਨਹੀਂਦਲਾਂ
ਦਾ ਅੰਤਸ਼ੁਮਾਰਮੀਆਂ ॥ ਸ਼ਾਹਮੁਹੰਮਦਾਕਿਸੇਨਅਟਕਣਾਈਂ
ਸਿੰਘ ਲੈਨਗੇ ਦਿੱਲੀ ਨੂੰ ਮਾਰ ਮੀਆਂ ॥੬੩ ॥ਅਰਜ਼ੀ ਲਿਖੀ
ਫ਼ਰੰਗੀਆਂਖ਼ਾਲਸੇਨੂੰਤੁਸੀਕਾਸਨੂੰਜੰਗਮਚਾਂਵਦੇਹੋ। ਮਹਾਰਾਜ
ਦੇ ਨਾਲ ਸੀ ਨੇਮਸਾਡਾ ਤੁਸੀਂ ਸੁੱਤੀਆਂਕਲਾਂਜਗਾਂਵਦੇ ਹੋ ॥
ਕਈ ਲਾਖ ਰੁਪਈਆ ਲੈਜਾਹੋ ਸਾਥੋਂਦਿਆਂ ਹੋਰ ਜੋਤੁਸੀ
ਫ਼ੁਮਾਂਵਦੇਹੋ॥ਸ਼ਾਹਮੁਹੰਮਦਾਅਸਾਂਨਾਮੂਲਲੜਨਾਂਤੁਸੀਏਤਨਾ
ਜ਼ੋਰਕਿਉਂਲਾਂਵਦੇਹੋ॥੬੪॥ਸਿੰਘਾਂਲਿਖਿਆ ਖਤ ਫ਼ਰੰਗੀਆਂ
ਨੂੰਤੈਨੂੰਮਾਰਾਂਗੇ ਅਸੀਵੰਗਾਰਕੇਜੀ॥ਸਾਨੂੰ ਨਹੀਂ ਰੁਪਯਾਂ ਦੀ
ਲੋੜ ਕਾਈ ਭਾਵੇਂ ਦੇ ਤੂੰ ਢੇਰ ਉਸਾਰਕੇਜੀ॥ ਓਹਪੰਥ ਤੇਰੇ
ਉਤੇ ਆਨ ਚੜ੍ਹਿਆਜੇੜ੍ਹਾਆਯਾਸੀਜੰਮੂੰਨੂੰਮਾਰਕੇ ਜੀ ॥ਸ਼ਾਹ
ਮੁਹੰਮਦਾਸਾਮ੍ਹਨੇਡਾਹਤੋਪਾਂਸੂਰੇਕੱਢਮੈਦਾਨਨਿਤਾਰਕੇਜੀ੬੫
॥ਪੈਂਚ ਲਿਖਦੇ ਸਾਰੀਆਂ ਪੜਤਲਾਂਦੇ ਸਾਡੀਅੱਜ ਹੈ ਵਡੀ
ਚਲੰਤ ਮੀਆਂ ॥ ਵੀਰਸਿੰਘ ਨੂੰ ਮਾਰਿਆ ਡਾਹ ਤੋਪਾਂ ਨਹੀਂ
ਛੱਡਿਆਸਾਧਤੇਸੰਤ ਮੀਆਂ॥ਅਸਾਂਮਾਰੇਚੌਫੇਰੇਦੇ ਕਿਲੇ ਭਾਰੇ
ਅਸਾਂ ਮਾਰਿਆ ਕੁੱਲੂ ਭਟੰਤ ਮੀਆਂ ॥ਸ਼ਾਹਮੁਹੰਮਦਾਗੱਲਤਾਂ
ਸੋਈ ਹੋਣੀ ਜੇਹੜੀ ਕਰੇਗਾ ਖਾਲਸਾ ਪੰਥ ਮੀਆਂ॥ ੬੬ ॥
ਦੂਰਬੀਨ ਅੰਗ੍ਰੇਜ਼ ਨੇ ਹਥ ਲੈਕੇ ਕੀੜ੍ਹਾਫੌਜ ਦਾ ਸੱਭ ਸ਼ੁਮਾਰ

ਮੀਆਂ ॥ ਜਿਨੀਂ ਬਾਈਂ ਸੀ ਜਮਾ ਜਮੂਰ ਖਾਨੇਕੀਤੇਸਾਹਬ
ਮਾਲੂਮ ਹਜ਼ਾਰ ਮੀਆਂ॥ਦਾਰੂਵੰਡਿਆਸੂਰਿਆਂਜੰਗੀਆਂਨੂੰਦੋ
ਦੋਬੋਤਲਾਂਕੇਫਖੁਮਾਰ ਮੀਆਂ॥ਸ਼ਾਹਮੁਹੰਮਦਾ ਪੀਸ਼ਰਾਬਗੋਰੇ
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ॥੬੭॥ ਇਕਪਿੰਡ ਦਾ
ਨਾਮਜੋਮੁਦਕੀਸੀਓਥੇਭਰੀਸੀਪਾਨੀਦੀਖੱਡਮੀਆਂ।ਘੋੜਚੜ੍ਹੇ
ਅਕਾਲੀਏਨਵੇਂਸਾਰੇ ਝੰਡੇ ਦਿੱਤੇਨੀ ਜਾਇਕੇ ਗੱਡ ਮੀਆਂ॥
ਤੋਪਾਂ ਚੱਲੀਆਂ ਕਟਕ ਫ਼ਰੰਗੀਆਂਦੇ ਗੋਲੇ ਤੋੜ ਦੇ ਮਾਸ ਤੇ
ਹੱਡਮੀਆਂ॥ਸ਼ਾਹਮੁਹੰਮਦਾਪਿਛਾਂਨੂੰਓੁਠਨੱਠੇਤੋਪਾਂਸੱਭ ਆਏ
ਓਥੇ ਛੱਡ ਮੀਆਂ॥੬੮॥ ਡੇਰੇ ਆਨਕੇਬੈਠ ਸਲਾਹ ਕਰਦੇ
ਐਤਵਾਰਅਸੀਂਖੰਡਾਫੜਾਂਗੇਜੀ॥ਤੇਜਾਸਿੰਘਦੀ ਵਡੀਉਡੀਕ
ਸਾਨੂੰ ਉਸਦੇ ਆਏ ਬਗ਼ੈਰਨਾ ਲੜਾਂਗੇਜੀ ॥ ਸਰਫਾ ਜਾਨਦਾ
ਨਹੀਂਜੇਤਦੋਂ ਕਰਨਾ ਜਦੋਂ ਵਿੱਚਮੈਦਾਨਦੇਵੜਾਂਗੇਜੀ॥ਸ਼ਾਹ
ਮੁਹੰਮਦਾ ਇੱਕਦੂੰਇੱਕਹੋਵੇ ਡੇਰੇਚੱਲਫ਼ਰੰਗੀਦੇਵੜਾਂਗੇਜੀ ॥
੬੯॥ਤੇਜਾਸਿੰਘ ਭੀ ਲਸ਼ਕਰੀਂਆਨ ਵੜਿਆਹੁੱਦੇਦਾਰਸੱਭੇ
ਓਥੇਆਂਵਦੇਨੀ॥ਕਰੋਹੁਕਮਤੇ ਤੇਗ ਉਠਾਈਏਜੀ ਪਏਸਿੰਘ
ਕਚੀਚੀਆਂਖਾਂਵਦੇਨੀ॥ ਕੂੰਜਾਂਨਜ਼ਰਆਈਆਂਬਾਜਾਂਭੁੱਖਿਆਂ
ਨੂੰਅੱਖੀਂਵੇਖਿਆਂਚੋਟਚਲਾਂਵਦੇਨੀ ॥ ਸ਼ਾਹ ਮੁਹੰਮਦਾਓਸਥੋਂ
ਹੁਕਮ ਲੈਕੇ ਹੱਲਾ ਕਰਨ ਦੀਡੌਲਬਨਾਂਵਦੇਨੀ ॥੭੦ ॥ ਫੇਰੂ
ਸ਼ਹਿਰ ਦੇ ਹੇਠਜਾਂਖੇਤਰੁੱਧੇ)ਤੋਪਾਂਚੱਲੀਆਂਨੀਵਾਂਗਤੋਰਿਆਂ
ਦੇ॥ਸਿੰਘਸੂਰਮੇਂ ਆਨ ਮੈਦਾਨ ਲੱਥੇ ਗੰਜ ਲਾਹ ਸੁੱਟੇ ਓਨਾਂ
ਗੋਰਿਆਂਦੇ॥ਟੁੰਡੇਲਾਟ ਨੇ ਅੰਤਨੂੰ ਖਾਇ ਗੁੱਸਾ।ਫੇਰ ਦਿੱਤੇਨੀ
ਲੱਖ ਢੰਡੋਰਿਆਂਦੇ॥ਸ਼ਾਹਮੁਹੰਮਦਾਰੰਡ ਬੈਠਾਇ ਨੰਦਨਸਿੰਘ

ਜਾਨ ਨਾਹੀਂ ਨਾਲ ਜੋਰਿਆਂਦੇ॥ ੭੧ ॥ ਹੁਕਮ ਲਾਟ ਕੀਤਾ
ਲਸ਼ਕਰ ਆਪਣੇਨੂੰ ਤੁਸਾਂ ਲਾਜ ਅੰਗ੍ਰੇਜ਼ ਦੀ ਰਖਣੀ ਜੀ॥ ਸਿੰਘਾਂ
ਮਾਰਕੇ ਕਟਕ ਮੁਕਾਇ ਦਿੱਤੇ ਹਿੰਦੁਸਤਾਨੀ ਤੇ ਪੂਰਬੀ ਦੱਖਣੀ
ਜੀ॥ ਨਿੰਦਨ ਵਾਪੂਆਂ ਵਿੱਚ ਕੁਰਲਾਟ ਪਿਆ ਕ੍ਰੁਰਸੀ ਚਾਰ ਹਜ਼ਾਰ
ਹੈ ਸੱਖਣੀ ਜੀ॥ ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ ਕੀਰਤ
ਸਿੰਘ ਸਿਪਾਹੀ ਦੀ ਰੱਖਣੀ ਜੀ ॥ ੭੨ ॥ ਹੋਯਾ ਹੁਕਮ ਅੰਗ੍ਰੇਜ਼
ਦਾ ਤੁਰਤ ਜਲਦੀ ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ ॥ ਫੂਕ
ਸੱਟੀਆਂ ਸਾਰੀਆਂ ਮੇਖ ਜੀਨਾਂ ਸਿੰਘ ਉੱਠਕੇ ਪੱਤਰਾ ਹੋਇ ਚੱਲੇ
॥ ਛੋਲਦਾਰੀਆਂ ਤੰਬੂਆਂ ਛੱਡ ਦੌੜੇ ਕੋਈ ਚੀਜ਼ ਲਈ ਨਹੀਂ ਮੂਲ
ਪੱਲੇ ॥ ਓੜਕ ਲਿਆ ਮੈਦਾਨ ਫ਼ਰੰਗੀਆਂ ਨੇ ਸ਼ਾਹ ਮੁਹੰਮਦਾ
ਰਣੋਂ ਨਹੀਂ ਮੂਲ ਹੱਲੇ ॥ ੭੩ ॥ ਉਧਰ ਆਪ ਫਰੰਗੀ ਨੂੰ ਭਾਂਜ
ਆਈ ਦੌੜੇ ਜਾਨ ਗੋਰੇ ਦਿੱਤੀ ਕੰਡ ਮੀਆਂ॥ ਚਲੇ ਤੋਪਖਾਨੇ ਸਾਰੇ
ਗੋਰਿਆਂ ਦੇ ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ ॥ ਕਿਨੇ ਜਾਕੇ
ਲਿਆਇਕੇ ਖ਼ਬਰ ਦਿੱਤੀ ਨਿੰਦਨ ਹੋਇ ਬੈਠੀ ਤੇਰੀ ਰੰਡ ਮੀਆਂ ॥
ਸ਼ਾਹ ਮੁਹੰਮਦਾ ਵੇਖ ਮੈਦਾਨ ਜਾਕੇ ਰੁਲ ਦੀ ਗੋਰਿਆਂ ਦੀ ਪਈ
ਝੰਡ ਮੀਆਂ॥੭੪॥ ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ ਸਿੰਘਾਂ
ਨਾਲ ਸੀ ਓਸ ਦੀ ਗੈਰਸਾਲੀ॥ ਓਹ ਤਾਂ ਭੱਜਕੇ ਲਾਟ ਨੂੰ ਜਾਇ
ਮਿਲਿਆ ਗੱਲ ਜਾਇ ਦੱਸੀ ਸਾਰੀ ਭੇਤ ਵਾਲੀ॥ ਏਥੋਂ ਹਰਨ
ਹੋਗਿਆ ਹੈ ਖ਼ਾਲਸਾ ਜੀ ਚੌਂਦਾ ਹੱਥਾਂ ਦੀ ਮਾਰ ਕੇ ਜਾਨ ਛਾਲੀ ਸ਼ਾਹ
ਮੁਹੰਮਦਾ ਸਾਥ ਲੈ ਸਿਲੇਖਾਨੇ ਛੱਡ ਗਏ ਨੀ ਸਿੰਘ ਮੈਦਾਨ ਖ਼ਾਲੀ
॥੭੫॥ ਮੁੜਕੇ ਫੇਰ ਫ਼ਰੰਗੀਆਂ ਜ਼ੋਰ ਦਿੱਤਾ ਲਾਟਾਂ ਦਾ ਰਗੋਲੇ ਜਦੋਂ
ਆਨ ਛੁੱਟੇ॥ ਉੱਡੀ ਰਾਲ ਤੇ ਚਾਦਰਾਂ ਕੜਕੀਆਂ ਨੀ ਕਿਰ ਢਪਾਂ ਡਵਾਂ

ਦੇ ਜੈਸੇਬਾਣ ਛੁੱਟੇ ॥ਜਦੋਂ ਡਿੱਠੇਨੀ ਹੱਥ ਫ਼ਰੰਗੀਆਂਦੇ ਓਥੇ
ਕੇਈਆਂ ਦੇ ਆਨ ਪਰਾਨਟੁੱਟੇ॥ਸ਼ਾਹਮੁਹੰਮਦਾਇਕਸੌ ਤੇਈ
ਤੋਪਾਂਤੋਸ਼ੇਖ਼ਾਨੇ ਫਰੰਗੀਆਂ ਆਨ ਲੁੱਟੇ॥੭੬॥ ਜਦੋਂ ਪਿਆ
ਹਰਾਸਤੇ ਕਰਨ ਗੱਲਾਂ। ਮੁੰਡੇਘੋੜਚੜੇ ਨਵੇਂ ਛੋਕਰੇਜੀ॥ ਅਧੀ
ਰਾਤਨੂੰਉਠਕੇ ਖਿਸਕ ਤੁਰੀਏ।ਕਿਥੋਂ ਪਏ ਗੋਰੇ ਸਾਨੂੰਓਪਰੇ
ਜੀ॥ਵਾਹੀ ਕਰਦੇ ਤੇ ਰੋਟੀਆਂ ਖ਼ੂਬਖਾਂਦੇ।ਅਸੀਂ ਕਿਨਾਂ ਢੇਹਾਂ
ਪੁੱਤ੍ਰਪੋਤਰੇ ਜੀ॥ਸ਼ਾਹਮੁਹੰਮਕਾਖੂਹਤੇ ਮਿਲਖ਼ਵਾਲੇਅਸੀਂਦੱਬ
ਕੇ ਲਾਵਾਂਗੇਜੋਤਰੇਜੀ॥੭੭॥ਜੇਹੜੇਜੀਂਵਦੇਰਹੇਸੋਪਏਸੋਚੀਂ
ਹੋਏ ਭੁੱਖਦੇਨਾਲਜ਼ਹੀਰਮੀਆਂ॥ ਬੁਰੇਜਿੰਨ ਹੋਕੇ ਸਾਨੂੰ ਪਏ
ਗੋਰੇਅਸੀਜਾਨਦੇਸਾਂਕੋਈਕੀਰਮੀਆਂ।ਅਸਾਂਸ਼ਹਿਰਦੇ ਵਾਸਤੇ
ਹੱਥਪਾਯਾਅੱਗੋਂਭੂਮਨਾ ਛਿੜੇ ਮਖੀਰਮੀਆਂ॥ਸ਼ਾਹਮੁਹੰਮਦਾ
ਰਾਹਨਾ ਕੋਈ ਲਭੇ।ਜਿਥੇਚੱਲੀਏਘੱਤਵਹੀਰ ਮੀਆਂ॥੭੮॥
ਘਰੋਂ ਗਏ ਫ਼ਰੰਗੀਦੇ ਮਾਰਨੇਨੂੰ।ਬੇੜੇਤੋਪਾਂ ਤੇ ਸੱਬ ਖੁਹਾਇ
ਆਏ॥ਛੇੜਆਫਤਾਂਨੂੰ ਮਗਰਲਾਇਓਨੇਸਗੋਂਆਪਨਾ ਆਪ
ਗਵਾਇ ਆਏ ॥ਖ਼ੁਸ਼ੀ ਵੱਸਦਾ ਸ਼ਹਿਰ ਲਾਹੌਰਸਾਰਾ।ਸਗੋਂ
ਕੁੰਜੀਆਂਹੱਥਫੜਾਇ ਆਏ॥ਸ਼ਾਹ ਮੁਹੰਮਦਾਕਹਿੰਦੇਨੀਲੋਗ
ਸਿੰਘਜੀ।ਤੁਸੀ ਚੰਗੀਆਂ ਪੂਰੀਆਂ ਪਾਇ ਆਏ॥੭੯॥ਘਰੀਂ
ਜਾਇਕੇ ਕਿਸੇ ਆਰਾਮ ਕੀਤਾ।ਕਿਸੇ ਰਾਤ ਕਿਸੇਦੋਇ ਰਾਤ
ਮੀਆਂ॥ ਪਿੱਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ।ਜੋਕੋਈ ਸਿੰਘ
ਸਿਪਾਹੀਦੀ ਜ਼ਾਤ ਮੀਆਂ ॥ ਕਿੱਥੇ ਲੁਕੋਗੇ ਜਾਇਕੇ ਖਾਲਸਾ
ਜੀ ਦੱਸੋ ਖੋਲ੍ਹਦੇਅਸਲਦੀ ਬਾਤਮੀਆਂ॥ਸ਼ਾਹਮੁਹੰਮਦਾ ਫੇਰ
ਇਕੱਠ ਕਰੋ ਲੱਗੀ ਚਾਨਨੀ ਹੋਰਕਨਾਤਮੀਆਂ ॥ ੮੦ ॥ ਕੈਂਢੇ

ਪਾਰਦੇ ਜਮਾਂ ਜਾ ਹੋਏ ਡੇਰੇ ਇਹਤਾਂਨੌਕਰੀਘਰੀਂਨਾ ਮਿਲਨ
ਜਾਣੇ॥ਡੇਰੀਂਆਨਕੇਕਰਨਵਿਰਲਾਪਪਿਆਬੰਨਨਭਰਤੀਆਂ
ਤੇ ਓਥੇਵਿਕਨਦਾਣੇ॥ਛਹੀਕੱਢਕੇਮੋਰਚੀਂਆਇਬਹਿੰਦੇਡੇਰੀਂ
ਆਇਕੇਫੇਰ ਪ੍ਰਸਾਦਿਖਾਣੇ॥ਸ਼ਾਹਮੁਹੰਮਦਾ ਸੱਭਮਲੂਮਕੀਤੀ
ਕੀਕੂੰ ਹੋਈਸੀ ਦੱਸਖਾਂ ਲੁੱਦੇਹਾਣੇ॥੮੧॥ ਸਰਦਾਰ ਰਣਜੋਧ
ਸਿੰਘ ਫ਼ੌਜ ਲੈਕੇ ਮੱਦਤ ਲਾਡੂਏਵਾਲੇ ਦੀ ਚੱਲਿਆਈ॥ ਓਥੇ
ਸੱਭਕਬੀਲੇਸੇ ਕੈਦ ਹੋਏ ਕੋਈ ਲਾਟ ਫਰੰਗੀਨੇ ਘੱਲਿਆਈ॥
ਓਨ੍ਹਾਂਜਾਇਖੋਹੀਆਂ ਬਾਦਸ਼ਾਹੀਆਂਨੀ ਉਸਦਾ ਜ਼ੋਰਨਾ ਕਿਸੇ
ਨੇ ਝੱਲਿਆਈ॥ਸ਼ਾਹਮੁਹੰਮਦਾਛਾਵਨੀਫੂਕਦਿੱਤੀਵਿੱਚੋਂਜੀਉ
ਫ਼ਰੰਗੀਦਾਹੱਲਿਆਈ॥੮੨॥ਚਾਰਪੜਤਲਾਂਲੈਮਈਆਸਿੰਘ
ਆਯਾਸਿੰਘਆਪਏਹੋਹਬਜ਼ਾਰਲੈਂਦੇ॥ਇਨਾਂਬਹੁਤਫ਼ਰੰਗੀਦੀ
ਫ਼ੌਜਮਾਰੀਲੁੱਟਾਂਭਾਰੀਆਂ ਬਾਝਸ਼ੁਮਾਰਲੈਂਦੇ॥ਤੋਪਾਂਊਠਹਾਥੀ
ਮਾਲਲਾਖਘੋੜੇਡੇਰੇਆਪਨੇਸਿੰਘਉਤਾਰਲੈਂਦੇ॥ਸ਼ਾਹਮੁਹੰਮਦਾ
ਸਿੰਘਜੇਜ਼ੋਰਕਰਦੇ ਭਾਵੇਂ ਲੁਦੇਹਾਣਾਤਦੋਂ ਮਾਰਲੈਂਦੇ॥੮੩॥
ਮਉਜਦੀਨ ਸਰਦਾਰਨੂੰਲਿਖੀਅਰਜ਼ੀ ਤੁਸਾਂਤਰਫ਼ਲੁੱਟੇ ਚੰਗੇ
ਸ਼ਾਨਦੇਜੀ॥ਦੇਹਭੇਜਉਰਾਰ ਸੱਭਕਾਰਖਾਨੇ ਪਇਓ ਗੱਜਿਓ
ਵਿੱਚ ਮੈਦਾਨਦੇਜੀ॥ਤੈਨੂੰ ਅੱਜ ਹਜ਼ੂਰਥੀਂਫ਼ਤੇ ਆਈ ਖ਼ਬਰਾਂ
ਆਵਸਨਵਿੱਚ ਜਹਾਨ ਦੇਜੀ॥ਸ਼ਾਹਮੁਹੰਮਦਾ ਵੈਰੀ ਨੂੰ ਜਾਣ
ਹਾਜ਼ਰ ਸਦਾ ਰੱਖੀਏ ਵਿੱਚ ਧਿਆਨ ਦੇਜੀ॥੮੪॥ਸੱਠਾਂ ਕੋਹਾਂ
ਦੀਪੰਧਸੀ ਲੁਦੇਹਾਣਾ ਰਾਤੋਰਾਤਕੀਤੀਟੁੰਞੇਦੌੜਮੀਆਂ॥ ਓਹ
ਭੀ ਲੁੱਟਿਆ ਲਾਟ ਨੇ ਆਮ ਡੇਰਾ ਸੱਭ ਖੋਹਕੇ ਕੀਤੀਆਂਦੌੜ
ਮੀਆਂ ॥ ਅਲੀਅਬੂਤਬੇਲੇਦੀਓਟਭਾਰੀ ਅੱਧਘੜੀ ਲੜਾਈ

ਦੀਸੌੜਮੀਆਂ॥ਸ਼ਾਹਮੁਹੰਮਦਾ ਸਿੰਘ ਲੁਟਾਇ ਡੇਰੇਕਰ ਆਏ
ਨੀ ਤ੍ਰੁੱਟੀਆ ਚੌੜ ਮੀਆਂ॥ ੮੫ ॥ ਪਹਿਲੇ ਹੱਲਿਓਂ
ਸਿੰਘ ਜੋ ਨਿਕਲਨ ਲੱਗੇ ਪਏ ਔਝੜੇ ਔਝੜੇ ਜਾਂਵਦੇ ਨੀ॥
ਲੁੱਟੇ ਗਏ ਸਾਰੇ ਰਹੀ ਇੱਕ ਕੁੜਤੀ ਬਾਹਾਂ ਹਿੱਕ ਦੇ ਨਾਲ
ਲਗਾਂਵਦੇਨੀ॥ਅੱਗੋਂ ਲੋਕ ਲੜਾਈਦੀ ਗੱਲਪੁਛਨਜੀਭਹੋਠਾਂ
ਦੀ ਖੋਲਦਿਖਾਂਵਦੇਨੀ॥ਸ਼ਾਹਮੁਹੰਮਦਾ ਆਨਕੇਘਰਵਿਆਂਥੋਂ
ਨਵੇਂ ਕੱਪੜੇ ਹੋਰ ਸਿਵਾਂਵਦੇਨੀ॥੮੬॥ਕਹਿੰਦੇ ਜੀਉਂਦੇ ਫੇਰ
ਨਾ ਕਦੀ ਜਾਣਾਂ ਮੂੰਹ ਨਾ ਲਗਨਾ ਉਸ ਚੰਡਾਲ ਦੇਜੀ॥ਕਿਤੇ
ਜਾਇਕੇ ਚਾਰ ਦਿਨ ਕੱਟ ਆਈਏ ਢੂੰਡਨਆਉਣਗੇਸਾਡੇਭੀ
ਨਾਲਦੇ ਜੀ॥ਤੁਸਾਂ ਆਖਿਆ ਮਰਗਿਆ ਲੁਦਿਹਾਨਾ ਅਸੀਂ
ਮਰਦੇ ਹਾਂਢੂੰਡਦੇਭਾਲਦੇਜੀ॥ਸ਼ਾਹਮੁਹੰਮਦਾ ਰਹੇਹਥਿਆਰ
ਉਥੇ ਲੀੜੇ ਨਹੀਂ ਆਏ ਸਾਡੇ ਨਾਲਦੇਜੀ॥੮੭॥ਪਿੱਛੇ ਬੈਠ
ਸਰਦਾਰਾਂ ਗੁਰਮਤਾ ਕੀਤਾ ਕੋਈ ਅਕਲ ਦਾ ਕਰੋ ਇਲਾਜ
ਯਾਰੋ॥ਛੋੜਬੁਰਛਿਆਂਦੀ ਸਾਡੇ ਪੇਸ਼ ਆਈ ਪੱਗਦਾੜ੍ਹੀਆਂਦੀ
ਰੱਖੋ ਲਾਜ ਯਾਰੋ॥ਮੁਠ ਮੀਟੀ ਸੀ ਏਸ ਪੰਜਾਬਦੀਜੀ ਇਨਾਂ
ਖੋਲ੍ਹ ਦਿੱਤਾ ਅਜ ਪਾਜ ਯਾਰੋ॥ ਸ਼ਾਹਮੁਹੰਮਦਾ ਮਾਰਕੇਮਰੋ
ਏਥੇ ਕਦੀ ਰਾਜ ਨਾ ਹੋਇ ਮੁਹਤਾਜਯਾਰੋ॥੮੮॥ਤੀਜੀਵਾਰ
ਲਲਕਾਰਕੇਪਏ ਗੋਰੇ ਵੇਲੇ ਗਜ਼ਲਦੇ ਹੋਏ ਨੀ ਸੂਰਮੀਆਂ॥
ਕੱਸ ਲਈਆਂ ਨੀ ਸਿੰਘਾਂ ਨੇ ਤੁਰਤ ਕਮਰਾਂ ਕਾਇਮ ਜੰਗ ਨੂੰ
ਹੋਏਜ਼ਰੂਰਮੀਆਂ॥ਪਹਿਲਾਂਬਾਂਵਿਓਂਆਨਕੇਜ਼ੋਰਦਿਤਾਪਿਆ
ਦਲਾਂਦੇਵਿੱਚਫ਼ਤੂਰਮੀਆਂ॥ਸ਼ਾਹਮੁਹੰਮਦਾ ਨੱਸਕੇ ਜਾਨ ਕਿਥੇ
ਏਥੋਂ ਸ਼ਾਹਿਰ ਲਾਹੌਰ ਹੈ ਦੂਰ ਮੀਆਂ ॥ ੮੯ ॥ ਆਈਆਂ

ਪਲਟਨਾਂਬੀੜਕੇ ਤੋਪਖਾਨੇ ਅੱਗੋਂ ਸਿੰਘਾਂਨੇ ਪਾਸਣੇ ਮੋੜ ਸੁਟੇ
॥ਮੇਵਾਸਿੰਘਤੇ ਮਾਏ ਖ਼ਾਂ ਹੋਏ ਸਿੱਧੇਹੱਲੇ ਤਿੰਨ ਫ਼ਰੰਗੀਦੇਤੋੜ
ਸੁੱਟੇ॥ਸ਼ਾਮਸਿੰਘ ਸਰਦਾਰ ਅਟਾਰੀ ਵਾਲੇ ਬੰਨ੍ਹ ਸ਼ਸਤ੍ਰੀਂ ਜੋੜ
ਵਿਛੋੜ ਸੁੱਟੇ॥ਸ਼ਾਹਮੁਹੰਮਦਾਸਿੰਘਾਂਨੇ ਗੋਰਿਆਂਦੇਵਾਂਗਨਿੰਬੂ-
ਆਂ ਲਹੂਨਿਚੋੜਸੁੱਟੇ॥੯੦॥ਪਏਬਾਂਵਿਓਂਹੋਇਕੇ ਫੇਰ ਧਾਵਾ
ਫ਼ਰਾਂਸੀਸ ਤੇ ਜਿੱਥੇਸੀ ਚਾਰਯਾਰੀ॥ ਕੁੰਡਲ ਘੱਤਿਆ ਵਾਂਗ
ਕਮਾਨਗੋਸ਼ੇਬਨੀ ਆਨ ਸਰਦਾਰਾਂਨੂੰਬਹੁਤਖ਼ੁਆਰੀ॥ ਤੇਜਾ
ਸਿੰਘਸਰਦਾਰਪੁਲ ਵੱਢਦਿੱਤਾ ਘਨੀਂ ਨੱਸਨਾਜਾਇਏਹਫ਼ੌਜ
ਸਾਰੀ॥ ਸ਼ਾਹਮੁਹੰਮਦਾ ਮਰਨ ਸ਼ਹੀਦਹੋਕੇ ਅਤੇ ਜਾਨ ਨਾ
ਕਰਨਗੇ ਫੇਰ ਪਿਆਰੀ॥੯੧॥ ਜੰਗ ਹਿੰਦਪੰਜਾਬਦਾ ਹੋਨ
ਲੱਗਾਦੋਵੇਂ ਪਾਦਸ਼ਾਹੀ ਫੌਜਾਂ ਭਾਰੀਆਂਨੀ॥ਅੱਜਹੋਵੇਸਰਕਾਰ
ਤਾਂਮੁੱਲਪਾਵੇ ਜੇੜੀਆਂਖ਼ਾਲਸੇਨੇ ਤੇਗਾਂਮਾਰੀਆਂ ਨੀ॥ ਸਣੇ
ਆਦਮੀਗੋਲੀਆਂਨਾਲਉਡਨਹਾਥੀਵਾਉਂਦੇਸਣੇਅੰਬਾਰੀਆਂ
ਨੀ॥ਸ਼ਾਹਮੁਹੰਮਦਾਇੱਕਸਰਕਾਰ ਬਾਝੋਂ ਫੌਜਾਂ ਜਿੱਤਕੇ ਅੰਤ
ਨੂੰਹਾਰੀਆਂਨੀ॥੯੨॥ਕਈ ਸੂਰਮੇ ਮਾਰਕੇ ਮੋਏ ਓਥੇ ਜਿਨ੍ਹਾਂ
ਹੱਥਕੀਤੇ ਤੇਗਾਂਨੰਗੀਆਂਦੇ॥ਰਹਿੰਦੇਘੇਰਕੇਵਿਚ ਦਰਿਆਉ
ਡੋਬੇ ਸ਼ੱਰ੍ਹੇਮਾਰਿਓ ਨੇ ਤੋਪਾਂ ਚੰਗੀਆਂਦੇ॥ ਕਹਿੰਦੇ ਨੌਕਰੀ
ਕਾਸਨੂੰਅਸਾਂਕੀਤੀ ਆਖੇਲੱਗਕੇਸਾਥੀਆਂਸੰਗੀਆਂਦੇ॥ ਸ਼ਾਹ
ਮੁਹੰਮਦਾ ਰੱਬਨਾਫੇਰਲਿਆਵੇਜੁੱਧਵਿੱਚਜੇਨਾਲ ਫ਼ਰੰਗੀਆਂ
ਦੇ॥੯੩॥ਕੇਈਮਾਵਾਂਦੇ ਪੁੱਤ੍ਰ ਨੀ ਮੋਏ ਉਥੇ ਸੀਨੇ ਲੱਗੀਆਂ
ਤੇਜ਼ਕਟਾਰੀਆਂਨੀ॥ ਜਿਨ੍ਹਾਂ ਭੈਣਾਂਨੂੰ ਵੀਰ ਨਾ ਮਿਲੇ ਮਰਕੇ
ਪਈਆਂਰੋਂਦੀਆਂਫਿਰਨਬਿਚਾਰੀਆਂਨੀ॥ਢੰਗੇਜਿਨਾਂਦੇਸਿਰਾਂ

ਦੇ ਮੋਏਵਾਲੀਖੁਲੇ ਵਾਲਤੇਫਿਰਨਵਿਚਾਰੀਆਂਨੀ ॥ ਸ਼ਾਹਮੁ
ਹੰਮਦਾ ਬਹੁਤਸੂਦਾਰਮਾਰੇਪਈਆਂਰਾਜਦੇ ਵਿੱਚਗੁਬਾਰੀਆਂ
ਨੀ॥੬੪॥ਲਿਖਿਆਤੁਰਤਪੈਗਾਮਰਾਣੀਜਿੰਦਕੌਰਾਂਕੋਈਤੁਸਾਂ
ਨੇ ਦੇਰ ਨਹੀਂ ਲਾਵਨੀਜੀ॥ਰਹਿੰਦੀ ਫ਼ੌਜਦਾ ਕਰੋ ਇਲਾਜ
ਕੋਈ ਕਾਹੂਤੁਸਾਂ ਬਗ਼ੈਰਨਾ ਆਵਣੀਜੀ॥ਮੇਰੀਜਾਨਦੇ ਰੱਬ
ਜਾਂਤੁਸੀਰਾਖਪਾਓਵਿੱਚਲਾਹੌਰਦੇਛਾਵਣੀਜੀ॥ਸ਼ਾਹਮੁਹੰਮਦਾ
ਅੱਜਮੈਂ ਲਿਆ ਬਦਲਾ ਅੱਗੇ ਹੋਰਕੀ ਰੱਬਨੂੰਭਾਵਣੀਜੀ॥
੬੫॥ ਪੁਲਬੱਧਾਫ਼ਰੰਗੀਨੇ ਖ਼ਬਰਸੁਣੇ ਲਾਂਘੇ ਪਾਏਨੀ ਵਿੱਚ
ਪਲਕਾਰਿਆਂ ਦੇ ॥ ਆਏ ਸ਼ਹਿਰ ਲਾਹੌਰ ਨੂੰ ਖ਼ੁਸ਼ੀ ਕਰਦੇ
ਵਾਜੇ ਵੱਜਦੇਨਾਲ ਨਗਾਰਿਆਂਦੇ॥ਅੱਗੋਂਸੱਭਪਠਾਣਲੈਮਿਲੇ
ਨਜ਼ਰਾਂਪਿਛੋਂਪੈਂਚਰਹਿੰਦੇਮੁਲਖਾਂਸਾਰਿਆਂਦੇ॥ਸ਼ਾਹਮੁਹੰਮਦਾ
ਆਨ ਲੁਹਾਰ ਲੱਥੇ ਹੱਛੇਦੇਸਤੇਥਾਉਂਟਿਕਾਣਿਆਂਦੇ ॥੬੬॥
ਰਾਜਾਗਿਆ ਗੁਲਾਬਸਿੰਘਆਪ ਚੜ੍ਹਕੇ ਬਾਹੋਂ ਪਕੜ ਲਾਹੌਰ
ਲਿਆਂਵਦਾਈ ॥ ਸਾਹਿਬ ਲੋਕਜੀ ਅਸਾਂ ਪਰ ਦਯਾ ਕਰਨੀ
ਓਹਤਾਂ ਆਪਣਾ ਕੰਮਬਨਾਂਵਦਾਈ॥ ਦਿੱਤੇ ਕੱਢ ਮਲਵਈ
ਦੁਾਬੀਏਜੀਵਿੱਚੋਂਸਿੰਘਾਂਦੀਫ਼ੌਜਖਿਸਕਾਂਵਦਾਈ॥ਸ਼ਾਹਮੁਹੰਮ
ਦਾਤਰਫ਼ਪਹਾੜਲੈਕੇਤੁਰਤਜੰਮੂੰਨੂੰ ਕੂਚਕਰਾਂਵਦਾਈ॥੬੭॥
ਬਣੇਮਾਈਦੇਆਨਅੰਗ੍ਰੇਜ਼ਰਾਖੇ ਪਾਈ ਛਾਉਨੀ ਵਿੱਚ ਲਾਹੌਰ
ਦੇਜੀ॥ਰੋਹੀਮਾਲਵਾ ਪਾਰਦਾ ਮੁਲਖ ਸਾਰਾ ਠਾਂਣਾ ਘੱਤਿਆ
ਵਿਚ ਫਲੌਰਦੇਜੀ ॥ ਲਿਆਸ਼ਹਿਰ ਲਾਹੌਰਫ਼ੀਰੋਜ਼ਪੁਰਾ ਜੇੜ੍ਹੇ
ਟਕੇਆਵਣਜਿੰਦਕੌਰਦੇਜੀ॥ਸ਼ਾਹਮੁਹੰਮਦਾਕਾਂਗੜਾਮਾਰਬੈਠਾ
ਓਹਦੇ ਕੰਮ ਗਏ ਸੱਭੇ ਸੌਰਦੇਜੀ ॥ ੬੮ ॥ ਰਹਿੰਦਾ ਮੁਲਕ

ਫ਼ਰੰਗੀਦੇ ਪਿਆ ਪੇਟੇਕੀਤਾਹੁਕਮਫਰੰਗੀਆਂ ਸ॥ਰੰਆਂਨ॥
ਮਾਈ ਫ਼ੌਜ ਨੂੰ ਚਾਇਜਬਾਬਦਿੱਤਾ ਦਿੱਤੀ ਨੌਕਰੀਛੱਡਵਿਚਾ
ਰਿਆਂਨੇ॥ ਪਿੱਛੋਂ ਸਾਂਭ ਲੀਤਾ ਮੁਲਕਕਾਰਦਾਰਾਂਬਖ਼ਤਾਵਰਾਂ
ਤੇਨੇਕਸਤਾਰਿਆਂਨੇ।ਸ਼ਾਹਮੁਹੰਮਦਾਇਸਰਾਣੀਜਿੰਦਕੌਰਾਂਤੋੜ
ਸੁਟਿਆ ਮੁਲਕ ਉਜਾਰਿਆਂਨੇ ॥੯੯॥ ਕੀਤਾ ਅਕਲ ਦਾ
ਪੇਚਰਾਣੀਜਿੰਦਕੌਰਾਂਮੱਥਾਦੋਹਾਂ ਪਾਤਸ਼ਾਹੀਆਂਦਾਜੋੜਜਾਈ
॥ ਗੁੱਝੀ ਰਮਜ਼ ਕਰਕੇ ਰਹੀ ਆਪ ਸੱਚੀ ਬਦਲਾ ਤੁਰਤ
ਭਿਰਾਉਦਾਮੋੜਿਆਈ ॥ਲਏ ਤੁਰਤਮੁਸਾਹਿਬਲਪੇਟਰਾਣੀ
ਲਸ਼ਕਰ ਵਿੱਚਦਰਿਆਉਦੇਰੋੜ੍ਹਿਆਈ॥ ਸ਼ਾਹਮੁਹੰਮਦਾਕਰੇ
ਜਹਾਨਗੱਲਾਂਓਨ੍ਹਾਂਕੁਫ਼ਰ ਮੁਦਈਦਾ ਤੋੜਿਆਈ॥ ੧੦੦ ॥
ਪਿੱਛੋਂ ਬੈਠਕੇ ਸਿੰਘਾਂਨੂੰਅਕਲਆਈ ਕੇਹੀਚੜੀਹੈਜ਼ਹਿਰਦੀ
ਸਾਣ ਮਾਈ॥ ਕਿਨਾਂ ਖੁੰਦਰਾਂ ਵਿਚ ਫਸਾਇਕੇਜੀ ਸਾਡੇ ਲਾਹ
ਸੁੱਟੇ ਭੂੰ ਤਾਂ ਘਾਣ ਮਾਈ ॥ ਹੱਥ ਧੋਇਕੇ ਮਗਰ ਕਿਉਂ ਪਈ
ਸਾਡੇ ਘਰੀਂ ਅਜੇਨਾਦੇਨੀਹੈਂਜਾਨਮਾਈ॥ਸ਼ਾਹਮੁਹੰਮਦਾ ਖੋਹ
ਹਥਿਆਰਬੈਠੇ ਨਾਲਕੁੜਤੀਆਂਲਏ ਪਛਾਨਮਾਈ॥੧੦੧॥
ਹੁੰਦੇਆਏਨੀਰੰਨਾਂਦੇਧੁਰੋਂਕਾਰੇ ਲੰਕਾਵਿੱਚਤਾਂਰਾਵਣਕੁਹਾਇ
ਦਿੱਤਾ।ਕੌਰਵਪਾਂਡਵਾਂਨਾਲਕੀਭਲਾਕੀਤਾਅਠਾਰਾਂਖੂਹਣੀਆਂ
ਕਟਕ ਮੁਕਾਇ ਦਿੱਤਾ॥ਰਾਜੇਭੋਜਦੇਮੂੰਹ ਲਗਾਮ ਦਿੱਤੀਮਾਰ
ਅੱਡੀਆਂ ਹੋਸ਼ ਭੁਲਾਇ ਦਿੱਤਾ ॥ਸ਼ਾਹ ਮੁਹੰਮਦਾ ਏਸ ਰਾਣੀ
ਜਿੰਦਕੌਰਾਂ ਸਾਰੇ ਦੇਸਦਾ ਫਰਸ਼ ਉਠਾਇ ਦਿੱਤਾ ॥ ੧੦੨ ॥
ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀਹੋਇਆ ਸਿੰਘਾਂ ਦਾ ਕੰਮ
ਆਰਾਸਤਾਇ॥ਵੱਡੀਸਾਂਝਹੈਹਿੰਦੂਆਂਮੁਸਲਮਾਨਾਂਉਨਾਂਨਾਲ

...ਲੇ ...ਕਿਸ ਦਾ ਵਾਸਤਾਈ ॥ ਓਹਦੇ ਨਾਲ ਨਾ ਬੈਠ ਕੇ ਗੱਲ
ਕਰਨੀ ਖੁਦੀ ਆਪਨੀ ਨਾਲ ਮਹਾਸਤਾਈ ॥ ਸ਼ਾਹ ਮੁਹੰਮਦਾ
ਦੌਲਤਾਂਜਮਾਂਕਰਦੀਸ਼ਾਹੂਕਾਰਾਂਦਾਪੁੱਤ੍ਰਗਮਾਸ਼ਤਾਈ॥੧੦੩॥
ਜੇਹੜੀ ਹੋਈ ਸੋਲਈ ਹੈ ਫੇਰ ਅੱਖੀਂ ਅੱਗੇ ਹੋਰ ਕੀ ਬਣਤ
ਬਨਾਵਣੀਜੀ॥ਇੱਕ ਘੜੀਦੀ ਕੁਝਉਮੈਦਨਾਹੀਂਕਿਸੇਨਲਈ
ਹਾੜੀਕਿਸੇਸਾਵਣੀਜੀ ॥ ਨਿੱਕੇ ਪੇਚਹੁਣਬੈਠਕੇ ਕਰਨਗੱਲਾਂ
ਅਸਾਂਡਿੱਠੀ ਫਰੰਗੀਦੀ ਛਾਵਣੀਜੀ ॥ਸ਼ਾਹਮੁਹੰਮਦਾ ਨਹੀਂ
ਮਾਲੂਮਸਾਨੂੰਅਗੇਹੋਰਕੀਖੇਡਬਨਾਵਣਾਜੀ॥ ੧੦੪ ॥ ਸੰਮਤ
ਉੱਨੀਸੈਦੂਸਰਾਵੀਤਿਆਸੀਜਦੋਂਹੋਯਾਫਰੰਗੀਦਾਜੰਗਮੀਆਂ
॥ ਐਸੀਖੂਨਦੀ ਓਹਜ਼ਮੀਨਪਿਆਸੀ ਹੋਯਾਸਰਖ ਸ਼ਰਾਬਦੇ
ਰੰਗ ਮੀਆਂ ॥ ਧਰਤੀਵੱਢਕੇ ਧੂੜ ਦੇ ਬਨੇ ਬੱਦਲ ਜੈਸੇਚੜ੍ਹੇ
ਆਕਾਸ਼ ਪਤੰਗ ਮੀਆਂ ॥ ਸ਼ਾਹਮੁਹੰਮਦਾ ਸਿਰਾਂਦੀ ਲਾਇ
ਬਾਜ਼ੀ ਨਹੀਂ ਮੋੜਦੇ ਸੂਰਮੇਂ ਅੰਗ ਮੀਆਂ ॥ ੧੦੫ ॥

ਸੰਪੂਰਨ

24884 ... SIMLA

Library IIAS, Shimla
P 954.55 Sh 13 A
00024834